# ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫ਼ਰੀਦਕੋਟ

ਮਿਤੀ 30/11/2025

**<u>ਜਨਤਕ ਨੋਟਿਸ</u>**

ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫ਼ਰੀਦਕੋਟ ਵੱਲੋ **Written Test for recruitment to the Post of Multipurpose Health Worker (Male) under Department of Health and Family Welfare, Govt. of Punjab** ਦੀ ਭਰਤੀ ਲਈ ਮਿਤੀ 30/11/2025 ਦਿਨ ਐਤਵਾਰ ਨੂੰ ਭਰਤੀ ਪ੍ਰੀਖਿਆ ਕੇਂਦਰ ਬਣਾ ਕੇ ਕਰਵਾਈ ਗਈ ਸੀ ਇਸ ਪੇਪਰ ਦੀ Answer Key/Question Booklet ਯੂਨੀਵਰਸਿਟੀ ਦੀ ਵੈਬਸਾਈਟ <u>www.bfuhs.ac.in</u> ਤੇ ਅਪਲੋਡ ਕਰ ਦਿੱਤੀ ਗਈ ਹੈ, ਜੇਕਰ ਕਿਸੇ ਵੀ ਉਮੀਦਵਾਰ ਨੂੰ Answer Key ਸੰਬੰਧੀ ਕੋਈ ਇਤਰਾਜ਼ ਹੋਵੇ ਤਾਂ ਉਮੀਦਵਾਰ ਅਰਜ਼ੀ ਅਤੇ ਇਤਰਾਜ਼ ਸੰਬੰਧੀ ਕਿਤਾਬ ਦੇ ਹਵਾਲੇ ਅਤੇ ਫੀਸ Rs. 500/- (Five Hundred only) Bank Demand Draft in favour of Registrar, BFUHS, Faridkot payable at Faridkot or Online fee (ਯੂਨੀਵਰਸਿਟੀ ਵੈੱਬਸਾਈਟ ਦੁਆਰਾ) ਭਰਨ ਉਪਰੰਤ ਰਸੀਦ ਨੱਥੀ ਕਰਕੇ ਉਮੀਦਵਾਰ ਖੁੱਦ ਭਰਤੀ ਸ਼ਾਖਾ, ਕਮਰਾ ਨੰਬਰ-102, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫ਼ਰੀਦਕੋਟ ਵਿਖੇ ਆਪਣਾ ਇਤਰਾਜ਼ **ਮਿਤੀ 01/12/2025 (05:00 PM)** ਤੱਕ ਜਮ੍ਹਾਂ ਕਰਵਾ ਸਕਦੇ ਹਨ। ਨਿਰਧਾਰਤ ਫੀਸ ਤੋਂ ਬਿਨਾਂ ਕੋਈ ਵੀ ਇਤਰਾਜ਼ ਵਿਚਾਰਿਆ ਨਹੀ ਜਾਵੇਗਾ।

ਉਪਰੋਕਤ ਦਿੱਤੇ ਗਏ ਸਮੇਂ ਤੋ ਬਾਅਦ ਵਿੱਚ ਪ੍ਰਾਪਤ ਹੋਏ ਇਤਰਾਜ਼ ਵਿਚਾਰੇ ਨਹੀ ਜਾਣਗੇ ਅਤੇ ਪ੍ਰਾਪਤ ਹੋਏ ਇਤਰਾਜ਼ ਦਾ ਨਿਪਟਾਰਾ ਕਰਨ ਤੋਂ ਬਾਅਦ ਉਪਰੋਕਤ ਪ੍ਰੀਖਿਆ ਦਾ ਨਤੀਜਾ ਘੋਸ਼ਿਤ ਕੀਤਾ ਜਾਵੇਗਾ।

**ਨੋਟ: ਡਾਕ/ਈਮੇਲ ਰਾਹੀ ਪ੍ਰਾਪਤ ਹੋਏ ਇਤਰਾਜ਼ ਪ੍ਰਵਾਨ ਨਹੀ ਕੀਤੇ ਜਾਣਗੇ।**

**ਸਹੀ/-**

ਰਜਿਸਟਰਾਰ

# ਬਾਬਾ ਫ਼ਰੀਦ ਯੂਨੀਵਰਸਿਟੀ ਔਂਫ ਹੈਲਥ ਸਾਇੰਸਿਜ਼ ਫਰੀਦਕੋਟ

ਮਲਟੀਪਰਪਜ਼ ਹੈਲਥ ਵਰਕਰ (ਮੇਲ)

(under Department of Health & Family Welfare, Punjab)

ਪ੍ਰਸ਼ਨ ਪੁਸਤਕ ਨੰ:

ਦਵਾਰ ਦੇ ਹਸਤਾਖਰ

ਓ.ਐੱਮ.ਆਰ. (OMR) ਸ਼ੀਟ ਨੰ:

ਰੋਲ ਨੰਬਰ:

ਉਮੀਦਵਾਰ ਦਾ ਅੰਗੂਠੇ ਦਾ ਨਿਸ਼ਾਨ

ਇਨਵੀਜੀਲੇਟਰ ਦੇ ਹਸਤਾਖਰ

ਕੋਆਰਡੀਨੇਟਰ ਮੋਹਰ (Stamp)

**ਸਮਾਂ 2:30 ਘੰਟੇਂ (ਸਵੇਰੇ 11:00 ਵਜੇ ਤੋਂ 01:30 ਵਜੇ ਤੱਕ)** **ਅੰਕ:140**

1. ਸਿਰਫ ਕਾਲਾ/ਨੀਲਾ ਬਾਲ ਪੈੱਨ ਦੀ ਹੀ ਵਰਤੋ ਕੀਤੀ ਜਾਵੇ, ਪੈਨਸਿਲ ਦੀ ਵਰਤੋ ਨਾ ਕੀਤੀ ਜਾਵੇ।
2. ਆਪਣਾ ਰੋਲ ਨੰਬਰ ਓ ਐਮ ਆਰ (OMR Sheet) ਸ਼ੀਟ ਅਤੇ ਪ੍ਰਸ਼ਨ ਪੁਸਤਿਕਾ (Question Booklet) ਤੇ ਬਣੇ ਖਾਨੇ ਵਿੱਚ ਹੀ ਲਿਖਿਆਂ ਜਾਵੇ ਨਾ ਕਿ ਕਿਸੇ ਹੋਰ ਜਗ੍ਹਾਂ ਉਤੇ ਲਿਖਿਆਂ ਜਾਵੇ।
3. ਪ੍ਰਸ਼ਨ ਪੁਸਤਿਕਾ ਵਿੱਚ ਜਾਂ ਓ ਐੱਮ ਆਰ ਸ਼ੀਟ ਉੱਤੇ ਕਿਸੇ ਵੀ ਪ੍ਰਕਾਰ ਦਾ ਕੋਈ ਨਿਸ਼ਾਨ ਨਾ ਲਗਾਓ।
4. 140 ਪ੍ਰਸ਼ਨ ਅਤੇ ਇਨ੍ਹਾਂ ਸਾਰਿਆ ਦਾ 1-1 ਨੰਬਰ ਹੈ। ਪ੍ਰਸ਼ਨ ਦਾ ਉੱਤਰ ਦੇਣ ਤੋ ਪਹਿਲਾ ਜਾਂਚ ਜਰੂਰ ਕਰੋ ਕਿ ਉਸ ਦਾ ਸਹੀ ਉੱਤਰ ਕੀ ਹੈ।ਜਾਂਚ ਕਰੋ ਕਿ ਉੱਤਰ ਕਾਪੀ ਦੇ ਪੇਜ ਸਾਰੇ ਪੂਰੇ ਹਨ ਜੇਕਰ ਕੋਈ ਵੀ ਪੇਜ ਗਾਇਬ ਹੈ ਤਾਂ ਪ੍ਰੀਖਿਆ ਸ਼ੁਰੂ ਹੋਣ ਤੋ 5 ਮਿੰਟ ਪਹਿਲਾ ਸੈਂਟਰ ਸੁਪਰਡੈਂਟ ਨੂੰ ਸੂਚਿਤ ਕੀਤਾ ਜਾਵੇ।
5. **ਹਰੇਕ ਪ੍ਰਸ਼ਨ ਦੇ ਬਾਅਦ ਚਾਰ ਵਿਕਲਪਿਕ ਉਤਰਾ A, B, C, D, ਵਿਚੋ ਕੋਈ ਇੱਕ ਸਹੀ/ ਸਭ ਤੋ ਸਹੀ ਹੈ। ਜੇਕਰ ਸਾਰੇ ਗੋਲੇ (ovals) ਖਾਲੀ ਛੱਡ ਦਿੱਤੇ ਜਾਂਦੇ ਹਨ, ਤਾਂ ਹਰੇਕ ਅਜਿਹੇ ਪ੍ਰਸ਼ਨ ਲਈ 0.25 ਅੰਕ ਦੀ ਕਟੌਤੀ ਕੀਤੀ ਜਾਵੇਗੀ। ਪੰਜਵਾ ਗੋਲਾ (E) (ਸੁਰੱਖਿਆ ਮੰਤਵ ਲਈ ਹੈ ਜੇਕਰ ਤੁਸੀ ਕੋਈ ਪ੍ਰਸ਼ਨ ਹੱਲ ਨਹੀ ਕਰਨਾ ਚਾਹੁੰਦੇ ਤਾਂ ਗੋਲਾ (E) ਨੂੰ ਕਾਲਾ ਕੀਤਾ ਜਾਵੇ।**
6. **As per the instructions of Govt. of Punjab, Department of Personnel letter no. 1/2/2022-5PP/659 dated 16/11/2022, the candidate are compulsory required to qualify the <u>Punjabi language Part-A of question paper</u> by scoring atleast 50% marks failing which the candidate will not be eligible.**
7. ਪ੍ਰਸ਼ਨ ਪੁਸਤਿਕਾ ਨੂੰ ਜਦੋ ਖੋਲਣ ਲਈ ਕਿਹਾ ਜਾਵੇ ਤਾਂ ਉਸ ਦੀ ਸੀਲ ਨੂੰ ਧਿਆਨ ਨਾਲ ਹਟਾਇਆ ਜਾਵੇ। ਪ੍ਰੀਖਿਆ ਦਾ ਸਮਾ ਸਮਾਪਤ ਹੋਣ ਉਪਰੰਤ ਅਤੇ ਪ੍ਰੀਖਿਆ ਭਵਨ ਨੂੰ ਛੱਡਣ ਤੋ ਪਹਿਲਾ ਓ ਐਮ ਆਰ ਸ਼ੀਟ ਡਿਊਟੀ ਤੇ ਹਾਜਿਰ ਅਧਿਕਾਰੀ ਨੂੰ ਸੌਂਪੀ ਜਾਵੇ।
8. ਕਿਸੇ ਵੀ ਸਥਿੱਤੀ ਵਿੱਚ ਓ ਐਮ ਆਰ ਸ਼ੀਟ ਅਤੇ ਪ੍ਰਸ਼ਨ ਪੁਸਤਿਕਾ ਜਾਂ ਉਸ ਦਾ ਕੋਈ ਭਾਗ ਜਾਂ ਉਸ ਵਿੱਚੋਂ ਕੁਝ ਕਾਪੀ ਜਾਂ ਨੋਟ ਕੀਤੀ ਸਮੱਗਰੀ ਪ੍ਰੀਖਿਆ ਭਵਨ ਤੋ ਬਾਹਰ ਨਾ ਲਿਜਾਈ ਜਾਵੇ। ਕੋਈ ਵੀ ਉਮੀਦਵਾਰ ਇਹ ਕਰਦਾ ਪਾਇਆ ਗਿਆ ਤਾਂ ਉਸ ਨੂੰ ਪ੍ਰੀਖਿਆ ਵਿੱਚੋ ਬਾਹਰ ਕੱਢ ਦਿੱਤਾ ਜਾਵੇਗਾ।
9. ਪ੍ਰੀਖਿਆ ਪੂਰੀ ਹੋਣ ਤੋਂ ਬਾਅਦ ਉਮੀਦਵਾਰ ਕੇਵਲ ਆਪਣੀ ਪ੍ਰਸ਼ਨ ਪੁਸਤਿਕਾ ਹੀ ਆਪਣੇ ਨਾਲ ਲਿਜਾ ਸਕਦਾ ਹੈ। ਪਰ ਉੱਤਰ ਪੁਸਤਿਕਾ (ਓ ਐਮ ਆਰ ਸ਼ੀਟ) ਨੂੰ Invigilator ਨੂੰ ਜਮ੍ਹਾਂ ਕਰਵਾਉਣੀ ਲਾਜਮੀ ਹੈ। ਜੇਕਰ ਉਮੀਦਵਾਰ ਦੁਆਰਾ ਉੱਤਰ ਪੁਸਤਿਕਾ (ਓ ਐਮ ਆਰ ਸ਼ੀਟ) Invigilator ਨੂੰ ਜਮ੍ਹਾ ਨਹੀ ਕਰਵਾਈ ਜਾਂਦੀ ਤਾਂ ਉਮੀਦਵਾਰ ਦੀ ਪ੍ਰੀਖਿਆ ਰੱਦ ਕਰ ਦਿੱਤੀ ਜਾਵੇਗੀ।
10. ਜਿਹੜਾ ਉਮੀਦਵਾਰ ਪ੍ਰੀਖਿਆ ਵਿੱਚ ਕਿਸੇ ਕਿਸਮ ਦੀ ਗੜਬੜ ਪੈਦਾ ਕਰਦਾ ਹੈ ਜਾਂ ਆਪਣੀ ਸੀਟ ਬਦਲਦਾ ਹੈ ਜਾਂ ਉਸ ਕੋਲੋਂ ਕਿਸੇ ਕਿਸਮ ਦੀ ਪ੍ਰੀਖਿਆਂ ਵਿੱਚ ਸਹਾਇਤਾ ਲੈਣ ਵਾਲਾ ਕਾਗਜ਼ ਮਿਲਦਾ ਹੈ ਤਾਂ ਉਸ ਨੂੰ ਸੈਂਟਰ ਸੁਪਰਡੈਂਟ/ ਅਬਜ਼ਰਵਰ ਦੁਆਰਾ ਪ੍ਰੀਖਿਆ ਵਿੱਚੋ ਬਾਹਰ ਕੱਢ ਦਿੱਤਾ ਜਾਵੇਗਾ, ਜਿਸ ਦਾ ਫੈਸਲਾ ਅੰਤਿਮ ਹੋਵੇਗਾ। ਇਸ ਉਦੇਸ਼ ਲਈ **"ਬਾਹਰ ਕੱਢੇ ਜਾਣ"** ਦਾ ਅਰਥ ਹੈ ਕਿ ਉਮੀਦਵਾਰ ਦੀ ਪੂਰੀ ਪ੍ਰੀਖਿਆਂ ਨੂੰ ਰੱਦ ਸਮਝਿਆ ਜਾਵੇਗਾ।
11. ਉਮੀਦਵਾਰ ਕਿਸੇ ਵੀ ਕਿਸਮ ਦੇ ਦੂਰਸੰਚਾਰ ਉਪਕਰਨ ਜਿਵੇ ਕਿ ਪੇਜਰ, ਸੈਲੂਲਰ ਫੋਨ, ਵਾਇਰਲੈਸ ਸੈੱਟ, ਬਲੂ ਟੂਥ ਡਿਵਾਈਸ, ਸਕੈਨਰ ਆਦਿ ਪ੍ਰੀਖਿਆ ਭਵਨ ਵਿੱਚ ਨਹੀ ਲਿਆ ਸਕਦਾ।
12. ਪ੍ਰਸ਼ਨ ਪੱਤਰਿਕਾ ਦਾ ਖਾਲੀ ਭਾਗ ਕੱਚਾ ਕੰਮ ਲਈ ਵਰਤਿਆ ਜਾ ਸਕਦਾ ਹੈ।
13. ਇਮਤਿਹਾਨ ਦੌਰਾਨ ਉਮੀਦਵਾਰ ਨੂੰ ਹਾਲ ਤੋ ਬਾਹਰ ਨਹੀ ਜਾਣ ਦਿੱਤਾ ਜਾਵੇਗਾ।
14. ਉਮੀਦਵਾਰ ਨੂੰ ਕਿਸੇ ਤੋ ਕਿਸੇ ਕਿਸਮ ਦੀ ਕੋਈ ਵੀ ਸਮੱਗਰੀ ਲੈਣ ਦੀ ਆਗਿਆ ਨਹੀ ਹੈ।
15. ਉੱਤਰ ਪੁਸਤਿਕਾ (ਓ ਐਮ ਆਰ ਸ਼ੀਟ) ਕੰਪਿਊਟਰ ਦੁਆਰਾ ਜਾਂਚੀ ਜਾਣੀ ਹੈ, ਜੇਕਰ ਦਿੱਤੀ ਗਈ ਹਦਾਇਤਾਂ ਦੀ ਪਾਲਣਾ ਪੂਰੀ ਤਰ੍ਹਾਂ ਨਹੀ ਕੀਤੀ ਗਈ ਤਾਂ ਹੋਣ ਵਾਲੇ ਨੁਕਸਾਨ ਦੀ ਜੁੰਮੇਵਾਰੀ ਉਮੀਦਵਾਰ ਦੀ ਹੋਵੇਗੀ।
16. ਉਮੀਦਵਾਰ ਨੂੰ ਪ੍ਰੀਖਿਆਂ ਭਵਨ ਵਿੱਚ ਧੂਮਰਪਾਨ/ ਖਾਣ ਦੀ ਵਸਤੂ ਵਰਤਨ ਦੀ ਆਗਿਆ ਨਹੀ ਹੈ।
17. ਪੁਰਸ਼ ਉਮੀਦਵਾਰ ਦੁਆਰਾ ਓ ਐਮ ਆਰ ਸ਼ੀਟ, ਪ੍ਰਸ਼ਨ ਪੁਸਤਿਕਾ ਅਤੇ ਹਾਜਰੀ ਸ਼ੀਟ ਤੇ ਨਿਰਧਾਰਤ ਜਗ੍ਹਾ ਉੱਤੇ ਖੱਬੇ ਹੱਥ ਦੇ ਅੰਗੂਠੇ ਦਾ ਨਿਸ਼ਾਨ ਅਤੇ ਇਸਤਰੀ ਉਮੀਦਵਾਰ ਦੁਆਰਾ ਨਿਰਧਾਰਤ ਜਗ੍ਹਾ ਉੱਤੇ ਸੱਜੇ ਹੱਥ ਦੇ ਅੰਗੂਠੇ ਦਾ ਨਿਸ਼ਾਨ ਲਗਾਇਆ ਜਾਵੇ।
18. ਉਮੀਦਵਾਰ ਦੁਆਰਾ ਹਾਜਰੀ ਸ਼ੀਟ ਤੇ ਓ ਐਮ ਆਰ ਸ਼ੀਟ ਅਤੇ ਪ੍ਰਸ਼ਨ ਪੁਸਤਿਕਾ ਦਾ ਨੰਬਰ ਭਰਿਆ ਜਾਵੇ।
19. ਕਿਸੇ ਵੀ ਉਮੀਦਵਾਰ ਨੂੰ ਪ੍ਰੀਖਿਆ ਭਵਨ ਵਿੱਚੋ ਦੁਪਿਹਰ 1:30 ਵਜੇ ਤੋ ਪਹਿਲਾ ਬਾਹਰ ਨਹੀ ਭੇਜਿਆ ਜਾਵੇਗਾ।

---

## Part-A

**1. ਅਖਾਣ ਪੂਰਾ ਕਰੋ: ਸੱਦੀ ਨਾ ਬੁਲਾਈ ਮੈਂ ................ ਦੀ ਤਾਈ।**

A. ਮੁੰਡੇ
B. ਲਾੜੇ
C. ਡਿਪਟੀ
D. ਵਿਚੋਲੇ

**2. 'ਸ਼ਾਹਦੀ' ਸ਼ਬਦ ਦਾ ਅਰਥ ਦੱਸੋ:**

A. ਸ਼ਾਦੀ
B. ਸ਼ਾਇਦ
C. ਗਵਾਹੀ
D. ਸ਼ਾਹੂਕਾਰ

**3. ਹੇਠ ਲਿਖੇ ਸ਼ਬਦਾਂ ਵਿੱਚੋਂ ਸ਼ੁੱਧ ਸ਼ਬਦ-ਜੋੜ ਚੁਣੋ:**

A. ਸ਼ਾਸਤਰ
B. ਸਾਸ਼ਤਰ
C. ਸ਼ਾਸ਼ਤਰ
D. ਸ਼ਾਸਤ੍ਰ

**4. ਅਖਾਣ ਪੂਰਾ ਕਰੋ: ਆਪ ਮੀਆਂ ਮੰਗਤੇ ਬਾਹਰ ਖੜ੍ਹੇ ।**

A. ਸੰਗਤੇ
B. ਲੋਕ
C. ਰਮਤੇ
D. ਦਰਵੇਸ਼

**5. ਹੇਠ ਲਿਖੇ ਸ਼ਬਦਾਂ ਵਿੱਚੋਂ ਸ਼ੁੱਧ ਸ਼ਬਦ-ਜੋੜ ਚੁਣੋ:**

A. ਇਕਾਨਵੇਂ
B. ਇੱਕਨਵੇਂ
C. ਇਕਾਨਮੇਂ
D. ਇਕੱਨਵੇਂ

**6. ਸੰਸਕ੍ਰਿਤ ਭਾਸ਼ਾ ਦੇ ਸ਼ਬਦ 'ਸੰਕ੍ਰਾਂਤੀ' ਦਾ ਪੰਜਾਬੀ ਰੂਪ ਕੀ ਹੈ?**

A. ਸੰਪੂਰਨ ਕ੍ਰਾਂਤੀ
B. ਕ੍ਰਾਂਤੀ
C. ਸੰਗਰਾਂਦ
D. ਪੂਰਨਮਾਸੀ

**7. ਪੰਜਾਬੀ ਭਾਸ਼ਾ ਦੀਆਂ ਵਿਅੰਜਨ ਧੁਨੀਆਂ ਦੀ ਗਿਣਤੀ ਕਿੰਨੀ ਹੈ?**

A. 35
B. 38
C. 41
D. 42

**8. ਸਹੀ ਤਰਤੀਬ ਚੁਣੋ:**

A. ਧੁਨੀ, ਸ਼ਬਦ, ਵਾਕਾਂਸ਼, ਉਪਵਾਕ, ਵਾਕ
B. ਸ਼ਬਦ, ਧੁਨੀ, ਵਾਕਾਂਸ਼, ਉਪਵਾਕ, ਵਾਕ
C. ਸ਼ਬਦ, ਧੁਨੀ, ਉਪਵਾਕ, ਵਾਕਾਂਸ਼, ਵਾਕ
D. ਧੁਨੀ, ਸ਼ਬਦ, ਉਪਵਾਕ, ਵਾਕਾਂਸ਼, ਵਾਕ

**9. ਸੰਸਾਰ ਵਿੱਚ ਪੰਜਾਬੀ ਭਾਸ਼ਾ ਗੁਰਮੁਖੀ ਲਿਪੀ ਤੋਂ ਬਿਨਾਂ ਹੋਰ ਕਿਸ ਲਿਪੀ ਵਿੱਚ ਲਿਖੀ ਜਾਂਦੀ ਹੈ?**

A. ਦੇਵਨਾਗਰੀ
B. ਰੋਮਨ
C. ਸ਼ਾਹਮੁਖੀ
D. ਬੰਗਲਾ ਲਿਪੀ

**10. ਬਿੰਦੀ ਕਾਮਾ ( ; ) ਦੀ ਵਰਤੋਂ ਕਦੋਂ ਹੁੰਦੀ ਹੈ?**

A. ਪੂਰਨ ਠਹਿਰਾਅ ਲਈ
B. ਅਲਪ ਠਹਿਰਾਅ ਲਈ
C. ਪੂਰਨ ਤੋ ਘੱਟ ਅਲਪ ਠਹਿਰਾਅ ਤੋਂ ਵੱਧ ਲਈ
D. ਪੂਰਨ ਅਤੇ ਅਲਪ ਠਹਿਰਾਅ ਤੋਂ ਵੱਧ ਲਈ

**11. ਹੇਠ ਲਿਖਿਆਂ ਵਿੱਚੋਂ ਕਿਹੜਾ ਕੰਨਾਂ ਦਾ ਗਹਿਣਾ ਹੈ?**

A. ਸਕੁੰਤਲਾ
B. ਮੁਰਕੀਆਂ
C. ਆਰਸੀ
D. ਜ਼ੰਜ਼ੀਰੀ

**12. ਲੋਕ-ਚੇਤਨਾ ਅੰਦਰ ਕਿਸ ਦੇਸੀ ਮਹੀਨੇ ਨੂੰ ਨਹਿਸ਼ (ਬਹੁਤ ਬੁਰਾ) ਮੰਨਿਆ ਗਿਆ ਹੈ?**

A. ਹਾੜ੍ਹ
B. ਅੱਸੂ
C. ਪੋਹ
D. ਮਾਘ

**13. ਕਿਹੜੀ ਰਸਮ ਮੌਤ ਸਮੇਂ ਦੀ ਨਹੀਂ ਹੈ?**

A. ਹਜਾਮਤ
B. ਛਟੀਆਂ ਖੇਡਣਾ
C. ਡੱਕਾ ਤੋੜਨਾ
D. ਹੰਗਾਮਾ

**14. ਕਿਸ ਲੋਕ-ਗੀਤ ਵਿੱਚ ਪ੍ਰਸ਼ਨੋਤਰੀ ਰੂਪ ਵੇਖਣ ਨੂੰ ਮਿਲ਼ਦਾ ਹੈ?**

A. ਮਾਹੀਏ ਵਿੱਚ
B. ਢੋਲੇ ਵਿੱਚ
C. ਘੋੜੀਆਂ ਵਿੱਚ
D. ਸੁਹਾਗ ਵਿੱਚ

**15. ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ 'ਸੰਗ' ਦਾ ਸਮਾਨਾਰਥੀ ਨਹੀਂ ਹੈ?**

A. ਝਿਜਕ
B. ਲੱਜਾ
C. ਸਬਰ
D. ਸੰਕੋਚ

16. ਹੇਠ ਲਿਖਿਆਂ ਵਿੱਚੋਂ ਵੱਖਰਾ ਅਰਥ ਰੱਖਣ ਵਾਲਾ ਸ਼ਬਦ ਚੁਣੋ:
A. ਜ਼ਿੰਦਗੀ
B. ਜੀਵਨ
C. ਲੌਕਿਕ
D. ਹਯਾਤੀ

17. ਹੇਠ ਲਿਖਿਆਂ ਵਿੱਚੋਂ ਕਿਹੜਾ ਸਹੀ ਵਿਰੋਧੀ-ਜੁੱਟ ਨਹੀਂ ਹੈ?
A. ਕਾਰੀਗਰ-ਅਨਾੜੀ
B. ਹੱਕ-ਹਲਾਲ
C. ਸ਼ਰਮੀਲਾ-ਬੇਸ਼ਰਮ
D. ਖਿਲਾਰਨਾ-ਸਮੇਟਣਾ

18. 'ਜੋ ਸਾਰੀ ਦੁਨੀਆ ਨਾਲ਼ੋਂ ਸੰਬੰਧ ਤੋੜ ਲਵੇ' ਲਈ ਇੱਕ ਸ਼ਬਦ ਚੁਣੋ:
A. ਨਾਸਤਿਕ
B. ਸਦਾਚਾਰੀ
C. ਤਿਆਗੀ
D. ਭੋਗੀ

19. 'ਸ਼ਰਮ ਵਾਲ਼ੀ ਗੱਲ ਹੋਣਾ' ਲਈ ਕਿਹੜਾ ਮੁਹਾਵਰਾ ਢੁਕਵਾਂ ਹੈ?
A. ਥਰ-ਥਰ ਕੰਬਣਾ
B. ਡੰਡੇ ਵਜਾਉਣਾ
C. ਡੁੱਬ ਮਰਨਾ
D. ਨੱਕ ਨਾਲ਼ ਲਕੀਰਾਂ ਕੱਢਣੀਆਂ

20. ਪੰਜਾਬੀ ਲਗਾਂ ਦੀ ਸਹੀ ਤਰਤੀਬ ਕਿਹੜੀ ਹੈ?
A. ਮੁਕਤਾ, ਕੰਨਾ, ਸਿਹਾਰੀ, ਬਿਹਾਰੀ, ਔਂਕੜ, ਦੁਲੈਂਕੜ, ਲਾਂ, ਦੁਲਾਵਾਂ, ਹੋੜਾ, ਕਨੌੜਾ
B. ਮੁਕਤਾ, ਕੰਨਾ, ਸਿਹਾਰੀ, ਬਿਹਾਰੀ, ਔਂਕੜ, ਦੁਲੈਂਕੜ, ਹੋੜਾ, ਕਨੌੜਾ, ਲਾਂ, ਦੁਲਾਵਾਂ
C. ਮੁਕਤਾ, ਕੰਨਾ, ਸਿਹਾਰੀ, ਬਿਹਾਰੀ, ਲਾਂ, ਦੁਲਾਵਾਂ, ਹੋੜਾ, ਕਨੌੜਾ, ਔਂਕੜ, ਦੁਲੈਂਕੜ
D. ਮੁਕਤਾ, ਸਿਹਾਰੀ, ਬਿਹਾਰੀ, ਕੰਨਾ,ਔਂਕੜ, ਦੁਲੈਂਕੜ, ਲਾਂ, ਦੁਲਾਵਾਂ, ਹੋੜਾ, ਕਨੌੜਾ

21. ਪੰਜਾਬੀ ਦੀਆਂ ਸ੍ਵਰ-ਧੁਨੀਆਂ ਦੀ ਗਿਣਤੀ ਕਿੰਨੀ ਹੈ?
A. 5
B. 9
C. 10
D. 12

22. ਗੁਰਮੁਖੀ ਲਿਪੀ ਵਿੱਚ ਲਗਾਖਰਾਂ ਦੀ ਗਿਣਤੀ ਕਿੰਨੀ ਹੈ?
A. 3
B. 4
C. 5
D. 6

23. ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ ਅਗੇਤਰ ਲੱਗ ਕੇ ਬਣਿਆ ਹੈ?
A. ਬਾਲਕ
B. ਬਾਇੱਜ਼ਤ
C. ਬਾਹਰ
D. ਬਾਬਾ

24. ਵਾਕ ਵਿੱਚ ਜਿਸ ਬਾਰੇ ਗੱਲ ਕੀਤੀ ਜਾਵੇ, ਉਸ ਨੂੰ ਕੀ ਕਿਹਾ ਜਾਂਦਾ ਹੈ?
A. ਉੱਤਮ ਪੁਰਖ
B. ਮੱਧਮ ਪੁਰਖ
C. ਅਨਯ ਪੁਰਖ
D. ਪੜਨਾਂਵ-ਪੁਰਖ

25. ਸੰਖਿਆ-ਵਾਚਕ ਵਿਸ਼ੇਸ਼ਣ ਚੁਣੋ:
A. ਇੱਕ, ਸੌ, ਦੁੱਗਣਾ
B. ਬਹੁਤ ਸਾਰੇ, ਕੋਈ-ਕੋਈ
C. ਕੋਈ-ਕੋਈ, ਦੋ-ਦੋ
D. ਕਿਹੜਾ, ਜਿਹੜਾ

26. ਸਕਰਮਕ ਕਿਰਿਆ ਵਾਲ਼ਾ ਵਾਕ ਚੁਣੋ:
A. ਮੁੰਡਾ ਖਾ ਰਿਹਾ ਹੈ।
B. ਔਰਤ ਪੜ੍ਹਦੀ ਹੈ।
C. ਬਲਕਾਰ ਖੇਡਦਾ ਹੈ।
D. ਮੁੰਡੇ ਫ਼ੁਟਬਾਲ ਖੇਡ ਰਹੇ ਹਨ।

27. ਜਦੋਂ ਕਿਰਿਆ ਦਾ ਕਾਲ ਚੱਲ ਰਿਹਾ ਹੋਵੇ, ਉਹ ਕਿਹੜਾ ਕਾਲ ਹੁੰਦਾ ਹੈ?
A. ਵਰਤਮਾਨ ਕਾਲ
B. ਭੂਤ ਕਾਲ
C. ਭਵਿਖਤ ਕਾਲ
D. ਉਪਰੋਕਤ ਵਿੱਚੋਂ ਕੋਈ ਨਹੀਂ।

28. ਕਾਲ-ਵਾਚਕ ਕਿਰਿਆ-ਵਿਸ਼ੇਸ਼ਣ ਚੁਣੋ:
A. ਦੂਰ, ਨੇੜੇ, ਬਾਹਰ
B. ਅੱਜ, ਹੁਣੇ, ਦੁਪਹਿਰੇ
C. ਇਸ ਤਰ੍ਹਾਂ, ਉਸ ਤਰ੍ਹਾਂ, ਹੌਲ਼ੀ-ਹੌਲ਼ੀ
D. ਕਈ ਵਾਰ, ਵਾਰ-ਵਾਰ, ਕਿਉਂਕਿ

29. ਸੰਬੰਧਕ ਚੁਣੋ:
A. ਮੈਂ, ਸਾਡਾ, ਉਹ, ਆਪਣਾ
B. ਤੂੰ, ਤੁਸੀਂ, ਅਸੀਂ, ਨਾਲ਼
C. ਦਾ, ਦੇ, ਦੀ, ਨੇ, ਨੂੰ, ਨਾਲ਼
D. ਕੌਣ, ਕਦੋਂ, ਤੁਹਾਡਾ, ਅਸੀਂ

30. ਮਹਾਰਾਜਾ ਰਣਜੀਤ ਸਿੰਘ ਨੇ ਕਿਹੜੇ ਦੋ ਤਖ਼ਤ ਬਣਵਾਏ?
A. ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ
B. ਸ੍ਰੀ ਅਕਾਲ ਤਖ਼ਤ ਸਹਿਬ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ
C. ਤਖ਼ਤ ਸ੍ਰੀ ਹਜ਼ੂਰ ਸਾਹਿਬ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ
D. ਤਖ਼ਤ ਸ੍ਰੀ ਹਜ਼ੂਰ ਸਾਹਿਬ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ

31. ਕਰਤਾਰਪੁਰ ਸਾਹਿਬ (ਪਾਕਿਸਤਾਨ) ਨਗਰ ਨਾਲ ਗੁਰੂ ਨਾਨਕ ਦੇਵ ਜੀ ਦਾ ਕਿਹੜਾ ਸੰਬੰਧ ਨਹੀਂ ਜੁੜਦਾ?
A. ਸ਼ਹਿਰ ਦੀ ਸਥਾਪਨਾ
B. ਜੋਤੀ-ਜੋਤ ਸਮਾਏ
C. ਖੇਤੀ ਕੀਤੀ
D. ਜਨਮ ਅਸਥਾਨ

32. 'ਪਹਿਲੇ ਪੰਗਤ ਪਾਛੈ ਸੰਗਤ' (ਸੰਗਤ ਤੋਂ ਪਹਿਲਾਂ ਪੰਗਤ) ਦਾ ਪ੍ਰਚਾਰ ਕਿਸ ਗੁਰੂ ਸਾਹਿਬ ਨੇ ਕੀਤਾ?
A. ਗੁਰੂ ਨਾਨਕ ਦੇਵ ਜੀ
B. ਗੁਰੂ ਅੰਗਦ ਦੇਵ ਜੀ
C. ਗੁਰੂ ਅਮਰਦਾਸ ਜੀ
D. ਗੁਰੂ ਰਾਮਦਾਸ ਜੀ

33. ਸ੍ਰੀ ਗੁਰੂ ਅਮਰਦਾਸ ਜੀ ਨੇ 'ਦੋਹਿਤਾ ਬਾਣੀ ਕਾ ਬੋਹਿਥਾ' ਕਿਸ ਨੂੰ ਆਖਿਆ?
A. ਗੁਰੂ ਗੋਬਿੰਦ ਸਿੰਘ ਜੀ ਨੂੰ
B. ਗੁਰੂ ਹਰਗੋਬਿੰਦ ਸਾਹਿਬ
C. ਗੁਰੂ ਰਾਮਦਾਸ ਜੀ ਨੂੰ
D. ਗੁਰੂ ਅਰਜਨ ਦੇਵ ਜੀ ਨੂੰ

34. 'ਜਾਪੁ ਸਾਹਿਬ' ਕਿਸ ਗੁਰੂ ਸਾਹਿਬ ਦੀ ਰਚਨਾ ਹੈ?
A. ਗੁਰੂ ਨਾਨਕ ਦੇਵ ਜੀ
B. ਗੁਰੂ ਅਰਜਨ ਦੇਵ ਜੀ
C. ਗੁਰੂ ਤੇਗ਼ ਬਹਾਦਰ ਜੀ
D. ਗੁਰੂ ਗੋਬਿੰਦ ਸਿੰਘ ਜੀ

35. ਗੁਰੂ ਨਾਨਕ ਦੇਵ ਜੀ ਦੀ ਪਤਨੀ ਦਾ ਕੀ ਨਾਂ ਸੀ?
A. ਮਾਤਾ ਸੁੰਦਰੀ ਜੀ
B. ਮਾਤਾ ਸੁਲੱਖਣੀ ਜੀ
C. ਮਾਤਾ ਖੀਵੀ ਜੀ
D. ਮਾਤਾ ਸਾਖੀ ਜੀ

36. ਖਿਦਰਾਣੇ ਦੀ ਢਾਬ ਉੱਪਰ ਚਾਲੀ ਸਿੰਘਾਂ ਦਾ ਮੁਕਾਬਲਾ ਕਿਸ ਦੀ ਫ਼ੌਜ ਨਾਲ ਹੋਇਆ ਸੀ?
A. ਨਵਾਬ ਮਾਲੇਰਕੋਟਲਾ
B. ਸੂਬਾ ਸਰਹਿੰਦ
C. ਅਹਿਮਦ ਸ਼ਾਹ ਅਬਦਾਲੀ
D. ਮੈਸੂਰ ਰਿਆਸਤ

37. ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੇ ਨਾਂ ਕੀ ਹਨ?
A. ਅਜੀਤ ਸਿੰਘ ਅਤੇ ਜੁਝਾਰ ਸਿੰਘ
B. ਅਜੀਤ ਸਿੰਘ ਅਤੇ ਫ਼ਤਿਹ ਸਿੰਘ
C. ਜ਼ੋਰਾਵਰ ਸਿੰਘ ਅਤੇ ਫ਼ਤਿਹ ਸਿੰਘ
D. ਜੁਝਾਰ ਸਿੰਘ ਅਤੇ ਜ਼ੋਰਾਵਰ ਸਿੰਘ

38. 'ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ॥' ਸ਼ਬਦ ਦੀ ਸਤਰ ਵਿੱਚ 'ਕਾੜਾ' ਸ਼ਬਦ ਤੋਂ ਕੀ ਭਾਵ ਹੈ?
A. ਰਿਸ਼ਤੇਦਾਰ
B. ਸੰਸਾਰ
C. ਚਿੰਤਾ
D. ਦੁੱਖ

39. 23 ਮਾਰਚ ਨੂੰ ਭਾਰਤ ਵਿੱਚ ਕਿਹੜਾ ਦਿਵਸ ਮਨਾਇਆ ਜਾਂਦਾ ਹੈ?
A. ਲਾਲਾ ਲਾਜਪਤ ਰਾਏ ਦਾ ਸ਼ਹੀਦੀ ਦਿਹਾੜਾ
B. ਕਰਤਾਰ ਸਿੰਘ ਸਰਾਭਾ ਦਾ ਜਨਮ ਦਿਨ
C. ਭਗਤ ਸਿੰਘ ਦਾ ਜਨਮ-ਦਿਨ
D. ਭਗਤ ਸਿੰਘ ਦਾ ਸ਼ਹੀਦੀ ਦਿਹਾੜਾ

40. ਡਾ. ਅੰਬੇਦਕਰ ਦਾ ਜਨਮ ਕਿੱਥੇ ਹੋਇਆ?
A. ਮਹਾਰਾਸ਼ਟਰ
B. ਮੱਧ ਪ੍ਰਦੇਸ਼
C. ਕਰਨਾਟਕ
D. ਗੁਜਰਾਤ

41. ਕਰਤਾਰ ਸਿੰਘ ਸਰਾਭਾ ਦਾ ਜਨਮ ਕਦੋਂ ਹੋਇਆ?
A. 24 ਮਈ, 1896
B. 24 ਮਾਰਚ, 1896
C. 24 ਸਤੰਬਰ, 1896
D. 24 ਅਪਰੈਲ, 1896

42. ਮਹਾਤਮਾ ਗਾਂਧੀ ਨੇ ਪਹਿਲੀ ਵਾਰ ਸੱਤਿਆਗ੍ਰਹਿ ਦਾ ਪ੍ਰਯੋਗ ਕਿੱਥੇ ਕੀਤਾ?
A. ਦੱਖਣੀ ਅਫ਼ਰੀਕਾ
B. ਦਾਂਡੀ
C. ਚੰਪਾਰਨ
D. ਬਾਰਦੋਲੀ

43. ਗਾਂਧੀ ਜੀ ਦੇ ਆਸ਼ਰਮ ਦਾ ਨਾਮ ਕੀ ਸੀ ਜੋ ਅਹਿਮਦਾਬਾਦ ਦੇ ਨੇੜੇ ਸਥਿਤ ਸੀ?
A. ਸੇਵਾਗ੍ਰਾਮ ਆਸ਼ਰਮ
B. ਸਾਬਰਮਤੀ ਆਸ਼ਰਮ
C. ਫੀਨਕਿਸ ਆਸ਼ਰਮ
D. ਟੋਲਸਟੋਇ ਆਸ਼ਰਮ

44. ਸ. ਭਗਤ ਸਿੰਘ ਦਾ ਜਨਮ ਕਦੋਂ ਹੋਇਆ?
A. 1909 ਈਸਵੀ ਵਿੱਚ
B. 1910 ਈਸਵੀ ਵਿੱਚ
C. 1908 ਈਸਵੀ ਵਿੱਚ
D. 1907 ਈਸਵੀ ਵਿੱਚ

## Part-B

45. ਗ਼ਦਰ ਅਖ਼ਬਾਰ ਦੇ ਪੰਜਾਬੀ ਅਡੀਸ਼ਨ ਦੀ ਜ਼ੁੰਮੇਵਾਰੀ ਕਿਸ ਦੀ ਸੀ?
A. ਭਗਤ ਸਿੰਘ
B. ਲਾਲਾ ਹਰਦਿਆਲ
C. ਕਰਤਾਰ ਸਿੰਘ ਸਰਾਭਾ
D. ਉਪਰੋਕਤ ਵਿੱਚੋਂ ਕੋਈ ਨਹੀਂ।

46. ਹੇਠ ਲਿਖਿਆਂ ਵਿੱਚੋਂ ਕਿਹੜੇ ਦੋ ਦਰਿਆ ਅਜੋਕੇ ਭਾਰਤੀ ਪੰਜਾਬ ਵਿੱਚ ਨਹੀਂ ਵਗਦੇ?
A. ਚਨਾਬ ਤੇ ਰਾਵੀ
B. ਰਾਵੀ ਤੇ ਬਿਆਸ
C. ਰਾਵੀ ਤੇ ਜਿਹਲਮ
D. ਚਨਾਬ ਤੇ ਜਿਹਲਮ

47. 'ਪੰਜਾਬ' ਸ਼ਬਦ ਦੀ ਸਭ ਤੋਂ ਪਹਿਲੀ ਵਰਤੋਂ ਕਿਸ ਦੀ ਲਿਖਤ ਵਿੱਚ ਮਿਲਦੀ ਹੈ?
A. ਅਬੁਲ ਫ਼ਜ਼ਲ
B. ਸ਼ੇਖ਼ ਫ਼ਰੀਦ
C. ਇਬਨ ਬਤੂਤਾ
D. ਸ਼ੇਰ ਸ਼ਾਹ ਸੂਰੀ

48. ਅੰਗਰੇਜ਼ੀ ਮਹੀਨੇ ਮੁਤਾਬਕ 'ਅੱਸੂ' ਕਦੋਂ ਆਉਂਦਾ ਹੈ?
A. ਜਨਵਰੀ-ਫ਼ਰਵਰੀ
B. ਸਤੰਬਰ-ਅਕਤੂਬਰ
C. ਜੁਲਾਈ-ਅਗਸਤ
D. ਮਈ-ਜੂਨ

49. ਪੰਜਾਬੀ ਭਾਸ਼ਾ ਦਾ 'ਪਿਤਾਮਾ' ਕਿਸ ਨੂੰ ਕਿਹਾ ਜਾਂਦਾ ਹੈ?
A. ਗੋਰਖ ਨਾਥ ਨੂੰ
B. ਸ਼ੇਖ਼ ਫ਼ਰੀਦ ਨੂੰ
C. ਸ਼ਾਹ ਹੁਸੈਨ ਨੂੰ
D. ਬਾਬਾ ਬੁੱਲ੍ਹੇ ਸ਼ਾਹ ਨੂੰ

50. ਬਾਬਾ ਫ਼ਰੀਦ ਜੀ ਦਾ ਜਨਮ ਕਦੋਂ ਹੋਇਆ?
A. ਦਸਵੀਂ ਸਦੀ ਦੇ ਅੰਤ ਵਿੱਚ
B. ਗਿਆਰ੍ਹਵੀਂ ਸਦੀ ਦੇ ਅੰਤ ਵਿੱਚ
C. ਬਾਰ੍ਹਵੀਂ ਸਦੀ ਦੇ ਅੰਤ ਵਿੱਚ
D. ਬਾਰ੍ਹਵੀਂ ਸਦੀ ਦੇ ਸ਼ੁਰੂ ਵਿੱਚ

51. ਪ੍ਰਾਇਮਰੀ ਹੈਲਥ ਸੈਂਟਰ ਦੀ ਸਥਾਪਨਾ ਅਤੇ ਦੇਖ ਰੇਖ ਕਿਸ ਦੁਆਰਾ ਕੀਤੀ ਜਾਂਦੀ ਹੈ ?
A. ਰਾਜ ਸਰਕਾਰ
B. ਕੇਂਦਰ ਸਰਕਾਰ
C. ਗੈਰ ਸਰਕਾਰੀ ਸੰਗਠਨ
D. ਖੁਦਮੁਖਤਿਆਰ ਬਾਡੀ

52. ਪਬਲਿਕ ਹੈਲਥ ਦਾ ਮੁੱਢਲਾ ਟੀਚਾ ਕੀ ਹੈ ?
A. ਬਿਮਾਰੀ ਨੂੰ ਰੋਕਣਾ
B. ਸਿਹਤ ਨੂੰ ਉਤਸ਼ਾਹਿਤ ਕਰਨਾ
C. ਬਿਮਾਰ ਨੂੰ ਬਚਾਉਣਾ
D. ਦੋਵੇਂ a ਅਤੇ b

53. ਭਾਰਤ ਵਿੱਚ ਹੇਠ ਲਿਖੀਆਂ ਵਿੱਚੋਂ ਕਿਹੜੀ ਸਵੈ ਸੇਵੀ ਸੰਸਥਾ ਹੈ ?
A. ਭੋਜਨ ਅਤੇ ਖੇਤੀਬਾੜੀ ਸੰਗਠਨ
B. ਇੰਡੀਅਨ ਰੈਡ ਕ੍ਰਾਸ ਸੁਸਾਇਟੀ
C. ਅੰਤਰਰਾਸ਼ਟਰੀ ਕਿਰਤ ਸੰਸਥਾ
D. ਉੱਪਰ ਵਾਲਿਆਂ ਵਿੱਚੋਂ ਕੋਈ ਵੀ ਨਹੀਂ

54. ਆਂਗਣਵਾੜੀ ਕੇਂਦਰ ਕਿਸ ਦਾ ਹਿੱਸਾ ਹੈ?
A. ਪੀ. ਐਚ. ਸੀ.
B. ਸੀ. ਐਚ. ਸੀ.
C. ਆਈ. ਸੀ. ਡੀ. ਐਸ.
D. ਯੂਨੀਸੈਫ

55. ਹੇਠ ਲਿਖਿਆਂ ਵਿੱਚੋਂ ਏ.ਐਨ.ਐਮ. ਨੂੰ ਕਿਸ ਨਾਲ ਤਾਲਮੇਲ ਦੀ ਲੋੜ ਹੈ?
A. ਆਂਗਣਵਾੜੀ ਵਰਕਰ
B. ਆਸ਼ਾ
C. ਸਕੂਲ ਅਧਿਆਪਕ
D. ਉੱਪਰ ਦਿਤੇ ਸਾਰੇ

56. ਕਮਿਊਨਿਟੀ ਹੈਲਥ ਸੈਂਟਰ ਕਿੰਨੇ ਪੀ. ਐਚ. ਸੀ. ਲਈ ਰੈਫਰਲ ਸੈਂਟਰ ਹੁੰਦਾ ਹੈ?
A. 2 ਪੀ. ਐਚ. ਸੀ. ਲਈ
B. 4 ਪੀ. ਐਚ. ਸੀ. ਲਈ
C. 6 ਪੀ. ਐਚ. ਸੀ. ਲਈ
D. 10 ਪੀ. ਐਚ. ਸੀ. ਲਈ

57. ਇਹਨਾਂ ਵਿੱਚੋਂ ਕਿਹੜਾ ਸੰਚਾਰ (communication) ਦਾ ਤੱਤ ਨਹੀਂ ਹੈ?
A. ਸਕਾਰਾਤਮਕ ਪਹੁੰਚ
B. ਸੁਨੇਹਾ ਦੇਣ ਵਾਲਾ
C. ਸੁਨੇਹਾ
D. ਪ੍ਰਾਪਤ ਕਰਤਾ

58. ਆਈ.ਈ.ਸੀ. (IEC)ਦਾ ਪੂਰਾ ਰੂਪ ਕੀ ਹੈ?
A. ਸੂਚਨਾ, ਸਿੱਖਿਆ, ਕਮਿਊਨਿਟੀ(Information, Education, Community)
B. ਸੂਚਨਾ, ਸਿੱਖਿਆ, ਤਾਲਮੇਲ(Information, Education, Coordination)
C. ਸੂਚਨਾ, ਸਿੱਖਿਆ, ਸੰਚਾਰ (Information, Education, Communication)
D. ਸੂਚਨਾ, ਮੁਲਾਂਕਣ, ਸੰਚਾਰ(Information, Evaluation, Communication)

59. ਹੇਠ ਲਿਖਿਆਂ ਵਿੱਚੋਂ ਕਮਿਊਨਿਟੀ ਵਿੱਚ ਬੱਚਿਆਂ ਦੀ ਸਿਹਤ ਸਥਿਤੀ ਦਾ ਮਾਪਦੰਡ ਕਿਹੜਾ ਹੈ ?
A. ਕੱਚਾ ਜਨਮ ਦਰ (Crude Birth Rate)
B. ਕੱਚਾ ਮੌਤ ਦਰ (Crude Death Rate)
C. ਬਾਲ ਮੌਤ ਦਰ (Infant Mortality Rate)
D. ਜਣੇਪਾ ਮੌਤ ਦਰ (Maternal Mortality Rate)

60. ਹੋਮ ਵਿਜ਼ਿਟਿੰਗ ਪ੍ਰਕਿਰਿਆ ਦਾ ਉਦੇਸ਼ ਕੀ ਹੈ ?
A. ਮਰੀਜਾਂ ਨੂੰ ਉਹਨਾ ਦੇ ਘਰ ਵਿੱਚ ਨਰਸਿੰਗ ਸੇਵਾ ਪ੍ਰਦਾਨ ਕਰਨੀ
B. ਮਰੀਜਾਂ ਨੂੰ ਸਿਹਤ ਕੇਂਦਰਾਂ ਤੇ ਆਉਣ ਲਈ ਉਤਸ਼ਾਹਿਤ ਕਰਨਾ
C. ਲੋਕਾਂ ਦੇ ਘਰ ਵਿੱਚ ਉਹਨਾ ਨਾਲ ਸਮਾਜਕ ਸੰਪਰਕ ਬਣਾਉਣਾ
D. ਸਿਹਤ ਕੇਂਦਰਾਂ ਤੇ ਮਰੀਜਾਂ ਦਾ ਪ੍ਰਬੰਧਨ ਕਰਨਾ

61. ਰਜਿਸਟਰੇਸ਼ਨ ਕਰਨ ਲਈ ਕਿੰਨੇ ਦਿਨ ਦੇ ਵਿੱਚ ਜਨਮ ਜਾਂ ਮੌਤ ਦੀ ਰਿਪੋਰਟ ਕਰਨੀ ਹੈ ?
A. ਘਟਨਾ ਦੇ 14 ਦਿਨ ਦੇ ਅੰਦਰ
B. ਘਟਨਾ ਦੇ 21 ਦਿਨ ਦੇ ਅੰਦਰ
C. ਘਟਨਾ ਦੇ 28 ਦਿਨ ਦੇ ਅੰਦਰ
D. ਘਟਨਾ ਦੇ 35 ਦਿਨ ਦੇ ਅੰਦਰ

62. ਹੇਠ ਲਿਖਿਆਂ ਵਿੱਚੋਂ ਕਿਹੜਾ ਰਿਕਾਰਡ ਰੱਖਣ ਦਾ ਸਿਧਾਂਤ ਨਹੀਂ ਹੈ ?
A. ਰਿਕਾਰਡ ਸਰਵਿਸ ਤੋਂ ਤੁਰੰਤ ਬਾਅਦ ਲਿਖਿਆ ਜਾਣਾ ਚਾਹੀਦਾ ਹੈ
B. ਰਿਕਾਰਡਾਂ ਨੂੰ ਸਪਸ਼ਟ ਰੂਪ ਵਿੱਚ ਲਿਖਿਆ ਜਾਣਾ ਚਾਹੀਦਾ ਹੈ
C. ਰਿਕਾਰਡ ਹਫਤੇ ਬਾਅਦ ਲਿਖਿਆ ਜਾਣਾ ਚਾਹੀਦਾ ਹੈ
D. ਰਿਕਾਰਡ ਨੂੰ ਗੁਪਤ ਰੱਖਿਆ ਜਾਣਾ ਚਾਹੀਦਾ ਹੈ

63. ਜਨਨੀ ਸੁਰੱਖਿਆ ਯੋਜਨਾ ਦਾ ਕੀ ਉਦੇਸ਼ ਹੈ?
A. ਛੂਤ ਦੇ ਰੋਗਾਂ ਨੂੰ ਰੋਕਣਾ
B. ਸਿਹਤਮੰਦ ਉਮਰ (Healthy aging) ਦੇ ਸੰਕਲਪ ਨੂੰ ਉਤਸ਼ਾਹਿਤ ਕਰਨਾ
C. ਗਰਭਵਤੀ ਔਰਤਾਂ ਨੂੰ ਹਸਪਤਾਲ ਡਿਲਵਰੀ ਲਈ ਉਤਸ਼ਾਹਿਤ ਕਰਕੇ ਜਣੇਪਾ ਅਤੇ ਬਾਲ ਮੌਤ ਦਰ ਘਟਾਉਣਾ
D. ਉੱਪਰ ਦਿੱਤੇ ਸਾਰੇ

64. ਟੀਕਾਕਰਨ (immunization) ਕਿਸ ਤਰਾਂ ਦੀ ਰੋਕਥਾਮ ਹੈ?
A. ਮੁੱਢਲੀ ਰੋਕਥਾਮ
B. ਦੂਜੇ ਪੱਧਰ ਦੀ ਰੋਕਥਾਮ
C. ਤੀਜੇ ਪੱਧਰ ਦੀ ਰੋਕਥਾਮ
D. ਪ੍ਰੀਮੋਰਡੀਅਲ ਰੋਕਥਾਮ

65. ਡੋਟਸ (DOTS) ਕਿਸਦੇ ਇਲਾਜ ਲਈ ਵਰਤਿਆ ਜਾਂਦਾ ਹੈ?
A. ਡੇਂਗੂ
B. ਸਵਾਈਨ ਫਲੂ
C. ਟੀ.ਬੀ.
D. ਮਲੇਰੀਆ

66. ਬੀ.ਸੀ.ਜੀ. ਦਾ ਟੀਕਾ ਬੱਚਿਆਂ ਨੂੰ ਕਿਸ ਰੂਟ ਰਾਹੀਂ ਲਗਾਇਆ ਜਾਂਦਾ ਹੈ?
A. ਇਨਟਰਾਮਸਕੂਲਰ (Intramuscular)
B. ਇਨਟਰਾਡਰਮਲ(Intradermal)
C. ਸਬਕਿਉਟੇਨਸ(Subcutaneous)
D. ਮੂੰਹ ਰਾਹੀਂ(Oral)

67. ਡੀ.ਪੀ.ਟੀ. ਟੀਕੇ ਨੂੰ ਸਟੋਰ ਕਰਨ ਲਈ ਸਹੀ ਤਾਪਮਾਨ ਕੀ ਹੁੰਦਾ ਹੈ ?
A. $2^0$C ਤੋਂ $8^0$C
B. $10^0$C ਤੋਂ $20^0$C
C. $18^0$C ਤੋਂ $20^0$C
D. ਕਮਰੇ ਦਾ ਤਾਪਮਾਨ

68. ਵੈਕਸੀਨ ਦੀ ਪੇਟੈਂਸੀ (Patency)ਨੂੰ ਕਾਇਮ ਰੱਖਣ ਲਈ ਹੇਠ ਲਿਖਿਆਂ ਵਿੱਚੋਂ ਕਿਹੜਾ ਜਰੂਰੀ ਹੈ?
A. ਮਨੁੱਖੀ ਚੇਨ
B. ਕੋਲਡ ਚੇਨ
C. ਗਰਮ ਚੇਨ
D. ਉਪਰੋਕਤ ਵਿੱਚੋਂ ਕੋਈ ਵੀ

69. ਓਰਲ ਪੋਲੀਓ ਵੈਕਸੀਨ ਦੀ ਖੋਜ ਕਿਸ ਦੁਆਰਾ ਕੀਤੀ ਗਈ?
A. ਸਬਿਨ (Sabin)
B. ਸਾਲਕ (Salk)
C. ਪਸਚਿਊਰ (Pasteur)
D. ਰੋਂਟਜੇਨ (Rontgen)

70. ਹੇਠ ਲਿਖਿਆਂ ਵਿੱਚੋਂ ਕਿਹੜੀ ਜੀਵਿਤ ਵੈਕਸੀਨ ਹੈ?
A. ਬੀ ਸੀ ਜੀ
B. ਓਰਲ ਪੋਲੀਓ ਵੈਕਸੀਨ
C. ਦੋਨੋ a ਅਤੇ b
D. ਉਪਰੋਕਤ ਵਿਚੋਂ ਕੋਈ ਨਹੀਂ

71.ਹੇਠ ਲਿਖੇ ਅੰਗਾਂ ਵਿੱਚੋਂ ਬਾਈਲ (Bile) ਕਿੱਥੇ ਬਣਦਾ ਹੈ?
A. ਜਿਗਰ (liver)
B. ਤਿੱਲੀ (spleen)
C. ਪਿੱਤਾ (gall bladder)
D. ਛੋਟੀ ਅੰਤੜੀ (small intestine)

72. ਹੇਠ ਲਿਖਤ ਵਿੱਚੋਂ ਕਿਹੜਾ ਕੰਮ ਇਨਸੁਲਿਨ (insulin) ਹਾਰਮੋਨ ਦਾ ਹੈ ?
A. ਖ਼ੂਨ ਦੇ ਕੈਲਸ਼ੀਅਮ ਪੱਧਰ ਨੂੰ ਨਿਯਮਤ ਕਰਨਾ
B. ਖ਼ੂਨ ਦੇ ਸੋਡੀਅਮ ਪੱਧਰ ਨੂੰ ਨਿਯਮਤ ਕਰਨਾ
C. ਖ਼ੂਨ ਦੇ ਪੋਟਾਸ਼ੀਅਮ ਪੱਧਰ ਨੂੰ ਨਿਯਮਤ ਕਰਨਾ
D. ਖ਼ੂਨ ਦੇ ਗਲੂਕੋਜ਼ ਪੱਧਰ ਨੂੰ ਨਿਯਮਤ ਕਰਨਾ

73. ਹੇਠ ਲਿਖੇ ਵਿੱਚੋਂ ਕਿਹੜਾ ਬਲੱਡ ਗਰੁੱਪ ਸਰਵ ਵਿਆਪਕ ਪ੍ਰਾਪਤ ਕਰਤਾ(Universal recipient)ਹੈ ?
A. ਬਲੱਡ ਗਰੁੱਪ'O'
B. ਬਲੱਡ ਗਰੁੱਪ'AB'
C. ਬਲੱਡ ਗਰੁੱਪ'A'
D. ਬਲੱਡ ਗਰੁੱਪ'B'

74. ਹੇਠਾਂ ਲਿਖਿਆਂ ਵਿੱਚੋਂ ਗੋਡੇ ਦੀ ਕੈਪ (knee cap) ਕਿਸ ਨੂੰ ਕਿਹਾ ਜਾਂਦਾ ਹੈ?
A. ਪਟੇਲਾ (patella)
B. ਸਕੈਪੁਲਾ (scapula)
C. ਕਲੈਵੀਕਲ (clavicle)
D. ਫਿਬੁਲਾ (fibula)

75. ਹੇਠਾਂ ਲਿਖਿਆਂ ਵਿੱਚੋਂ ਕਿਹੜੇ ਸੈਲ ਖ਼ੂਨ ਦੇ ਜੰਮਣ ਵਿੱਚ ਮਦਦ ਕਰਦੇ ਹਨ?
A. ਮੋਨੋਸਾਈਟਸ
B. ਪਲੇਟਲੈਟਸ
C. ਚਿੱਟੇ ਰਕਤ ਸੈੱਲ
D. ਲਾਲ ਰਕਤ ਸੈੱਲ

76. ਗਰਭਧਾਰਨ (Fertilization) ਕਿੱਥੇ ਹੁੰਦਾ ਹੈ ?
A. ਬੱਚੇਦਾਨੀ ਵਿੱਚ
B. ਪੇਡੂ (Pelvis) ਵਿੱਚ
C. ਯੋਨੀ ਵਿੱਚ
D. ਫੈਲੋਪੀਅਨ ਟਿਊਬ ਵਿੱਚ

77. 28 ਦਿਨ ਦੇ ਮਾਹਵਾਰੀ ਚੱਕਰ ਵਿੱਚ ਆਮ ਤੌਰ ਤੇ ਉਵੂਲੇਸ਼ਨ (Ovulation) ਕਦੋਂ ਹੁੰਦੀ ਹੈ?
A. 10ਵੇਂ ਦਿਨ
B. 14ਵੇਂ ਦਿਨ
C. 20ਵੇਂ ਦਿਨ
D. 22ਵੇਂ ਦਿਨ

78. ਡਿਲੀਵਰੀ ਤੋਂ ਬਾਅਦ ਬੱਚੇ ਨੂੰ ਤੁਰੰਤ ਦੇਣ ਵਾਲੀ ਪਹਿਲੀ ਦੇਖਭਾਲ ਕਿਹੜੀ ਹੈ?
A. ਨਾੜੂ ਬੰਨਣਾ
B. ਬੀ.ਸੀ.ਜੀ. ਦਾ ਟੀਕਾ ਦੇਣਾ
C. ਸਾਹ ਵਾਲੇ ਰਸਤੇ ਨੂੰ ਸਾਫ ਕਰਨਾ
D. ਖੁਰਾਕ ਸ਼ੁਰੂ ਕਰਨਾ

79. ਹੇਠਾਂ ਲਿਖਿਆਂ ਵਿੱਚੋਂ ਮਰਦਾਂ ਲਈ ਗਰਭ ਨਿਰੋਧਨ ਦਾ ਕਿਹੜਾ ਢੰਗ ਹੈ ?
A. ਨਸਬੰਦੀ
B. ਨਲਬੰਦੀ
C. ਗਰਭ ਨਿਰੋਧਕ
D. ਇੰਟਰਾਯੂਟਰਾਈਨ ਡੀਵਾਈਸਿਜ਼

80. ਹੇਠ ਲਿਖਿਆਂ ਵਿੱਚੋਂ ਕਿਹੜਾ ਮਿਸਕੈਰਿਜ਼ (Miscarriage) ਹੈ ?
A. ਗਰਭਕਾਲੀ ਖ਼ੂਨ ਦਾ ਉੱਚ ਦਬਾਓ
B. ਗਰਭਕਾਲੀ ਸ਼ੱਕਰ ਰੋਗ
C. ਐਕਟੋਪਿਕ (ectopic)ਗਰਭ
D. ਸਪਾਨਟੇਨਿਅਸ (spontaneous)ਗਰਭਪਾਤ

81. ਹੇਠ ਲਿਖਿਆਂ ਵਿੱਚੋਂ ਪਾਰਟੋਗਰਾਫ ਵਿੱਚ ਕੀ ਮਾਪਿਆ ਜਾਂਦਾ ਹੈ ?
A. ਸ਼ੋਅ
B. ਪਰੇਜ਼ੇਂਨਟੇਸ਼ਨ
C. ਲੇਬਰ ਦੀ ਪ੍ਰੋਗਰੈਸ
D. ਬੱਚੇ ਦੀ ਹਿਲਜੁਲ

82. ਜਦੋਂ ਨਵਜੰਮੇ ਬੱਚੇ ਵਿੱਚ ਅਸਫੈਕਸੀਆ (Asphyxia) ਦੇ ਲੱਛਣ ਦਿਖਾਈ ਦਿੰਦੇ ਹਨ ਤਾਂ ਪਹਿਲੀ ਕਾਰਵਾਈ ਕੀ ਹੋਣੀ ਚਾਹੀਦੀ ਹੈ?
A. ਰੋਣ ਲਈ ਉਤੇਜਿਤ ਕਰਨਾ
B. ਆਕਸੀਜਨ ਸ਼ੁਰੂ ਕਰਨਾ
C. ਸਾਹ ਵਾਲੀ ਨਾਲੀ ਸਾਫ ਕਰਨਾ
D. ਡਾਕਟਰ ਨੂੰ ਸੂਚਿਤ ਕਰਨਾ

83. ਹੇਠ ਦਰਜ ਵਿੱਚੋਂ ਕਿਹੜੀ ਗਰਭ ਅਵਸਥਾ ਦੀ ਮਾਮੂਲੀ ਤਕਲੀਫ ਨਹੀਂ ਹੈ ?
A. ਮੋਰਨਿੰਗ ਸਿਕਨੈਸ (Morning Sickness)
B. ਖ਼ੂਨ ਨਿਕਲਣਾ
C. ਛਾਤੀ ਵਿੱਚ ਜਲਨ (Heart burn)
D. ਖਾਸ ਚੀਜ਼ਾਂ ਖਾਣ ਦੀ ਰੁਚੀ ਅਤੇ ਲਾਲਸਾ

84. ਹੇਠਾਂ ਲਿਖਿਆਂ ਵਿੱਚੋਂ ਕਿਸ ਦਾ ਪਤਾ ਲਗਾਉਣ ਲਈ ਪੈਪ ਸਮੀਅਰ ਟੈਸਟ ਕੀਤਾ ਜਾਂਦਾ ਹੈ?
A. ਛਾਤੀ ਦਾ ਕੈਂਸਰ
B. ਬਲੈਡਰ ਦਾ ਕੈਂਸਰ
C. ਵੱਡੀ ਅੰਤੜੀ ਦਾ ਕੈਂਸਰ
D. ਸਰਵਿਕਸ ਦਾ ਕੈਂਸਰ

85. ਹੇਠ ਲਿਖਿਆਂ ਵਿੱਚੋਂ dilatation and evacuation ਲਈ ਸਭ ਤੋਂ ਆਮ ਸੰਕੇਤ (indication) ਕਿਹੜਾ ਹੈ ?
A. ਥਰੈਟੈਂਡ ਗਰਭਪਾਤ (Threatened abortion)
B. ਅਧੂਰਾ ਗਰਭਪਾਤ (Incomplete abortion)
C. ਐਂਟੀਪਾਰਟਮ ਹੈਮੋਰੇਜ (Antepartum haemorrhage)
D. ਇਕਲੈਂਪਸੀਆ (eclampsia)

86. ਸ਼ਿਲਾ(Puerperium)ਪੀਰੀਅਡ ਦੀ ਮਿਆਦ ਡਿਲਿਵਰੀ ਤੋਂ ਕਦੋਂ ਤੱਕ ਹੈ?
A. 3 ਹਫਤਿਆਂ ਤੱਕ
B. 4 ਹਫਤਿਆਂ ਤੱਕ
C. 6 ਹਫਤਿਆਂ ਤੱਕ
D. 10 ਹਫਤਿਆਂ ਤੱਕ

87. ਲੇਬਰ ਦੋਰਾਨ ਪੈਰੀਨੀਅਮ ਦੇ ਫਟਣ ਨੂੰ ਰੋਕਣ ਲਈ ਜੋ ਸਰਜੀਕਲ ਚੀਰਾ ਲਗਾਇਆ ਜਾਂਦਾ ਹੈ ਉਸ ਨੂੰ ਕੀ ਕਿਹਾ ਜਾਂਦਾ ਹੈ?
A. ਵੈਕੂਅਮ ਐਸਪੀਰੇਸ਼ਨ
B. ਐਮਨੀਉਟਮੀ
C. ਐਪੀਜੀਉਟਮੀ
D. ਡੀ ਅਤੇ ਈ

88. ਨਵੇਂ ਜਨਮੇ ਬੱਚੇ ਦਾ ਆਮ ਭਾਰ ਹੁੰਦਾ ਹੈ:
A. 1.5 – 2.5 ਕਿਲੋਗ੍ਰਾਮ
B. 2.5 – 3.5 ਕਿਲੋਗ੍ਰਾਮ
C. 3.5 – 5 ਕਿਲੋਗ੍ਰਾਮ
D. 5 ਕਿਲੋਗ੍ਰਾਮ ਤੋਂ ਵੱਧ

89. ਯੋਗ ਜੋੜੇ (Eligible couple)ਦਾ ਕੀ ਮਤਲਬ ਹੈ?
A. ਸਾਰੇ ਵਿਆਹੇ ਜੋੜੇ
B. ਸਾਰੇ ਜੋੜੇ ਜੋ ਵਿਆਹ ਕਰਵਾਉਣ ਲਈ ਤਿਆਰ ਹਨ
C. ਵਿਆਹੁਤਾ ਜੋੜਾ, ਜਿਸ ਵਿੱਚ ਔਰਤ ਜਣਨ ਉਮਰ ਦੀ ਹੈ
D. ਵਿਆਹੁਤਾ ਜੋੜਾ, ਜਿਸ ਵਿੱਚ ਔਰਤ ਗਰਭਵਤੀ ਹੈ

90. ਐਮ ਟੀ ਪੀ ਕਿਸ ਸਮੇਂ ਤੱਕ ਕੀਤੀ ਜਾ ਸਕਦੀ ਹੈ?
A. ਗਰਭ ਦੇ 12 ਹਫਤੇ ਤੱਕ
B. ਗਰਭ ਦੇ 14 ਹਫਤੇ ਤੱਕ
C. ਗਰਭ ਦੇ 16 ਹਫਤੇ ਤੱਕ
D. ਗਰਭ ਦੇ 20 ਹਫਤੇ ਤੱਕ

91. ਔਰਤ ਨੂੰ ਗਰਭ ਨਿਰੋਧਕ ਗੋਲੀ ਹਰ ਰੋਜ ਇਕੋ ਸਮੇਂ ਤੇ ਕਿਉਂ ਲੈਣੀ ਚਾਹੀਦੀ ਹੈ?
A. ਦਿਲ ਕੱਚਾ ਹੋਣ (Nausea) ਨੂੰ ਘਟਾਉਣ ਲਈ
B. ਹਾਰਮੋਨ ਦੇ ਪੱਧਰ ਨੂੰ ਬਣਾਈ ਰੱਖਣ ਲਈ
C. ਦਵਾਈ ਦੇ ਹੋਰ ਮਾੜੇ ਪ੍ਰਭਾਵਾਂ ਤੋਂ ਬਚਣ ਲਈ
D. ਦਵਾਈਆਂ ਦੇ ਆਪਸੀ ਇੰਟਰਐਕਸ਼ਨ ਨੂੰ ਰੋਕਣ ਲਈ

92. ਬੱਚਿਆਂ ਵਿੱਚ ਅਨੀਮੀਆ ਦਾ ਸਭ ਤੋਂ ਆਮ ਕਾਰਨ ਕੀ ਹੈ ?
A. ਜਮਾਂਦਰੂ
B. ਆਇਰਨ ਦੀ ਕਮੀ
C. ਵਿਟਾਮਨ ਬੀ-12 ਦੀ ਕਮੀ
D. ਹੀਮੋਲਾਇਸਿਸ (Hemolysis)

93. ਐਕਸਕਲੂਸਿਵ ਬਰੈਸਟ ਫੀਡਿੰਗ ਦਾ ਭਾਵ ਹੈ ਕਿ ਬੱਚੇ ਨੂੰ ਦਿੱਤਾ ਜਾਂਦਾ ਹੈ:
A. ਜਨਮ ਤੋਂ ਬਾਅਦ ਛੇ ਮਹੀਨਿਆਂ ਲਈ ਕੇਵਲ ਮਾਂ ਦਾ ਦੁੱਧ ਬਿਨਾਂ ਕਿਸੇ ਵਾਧੂ ਭੋਜਨ ਜਾਂ ਪਾਣੀ ਦੇ
B. ਜਨਮ ਤੋਂ ਬਾਅਦ ਛੇ ਮਹੀਨਿਆਂ ਲਈ ਮਾਂ ਦਾ ਦੁੱਧ ਅਤੇ ਪਾਣੀ
C. ਜਨਮ ਤੋਂ ਬਾਅਦ ਛੇ ਮਹੀਨਿਆਂ ਲਈ ਮਾਂ ਦਾ ਦੁੱਧ ਅਤੇ ਅਰਧ ਠੋਸ ਭੋਜਨ
D. ਜਨਮ ਤੋਂ ਬਾਅਦ ਛੇ ਮਹੀਨਿਆਂ ਲਈ ਮਾਂ ਦਾ ਦੁੱਧ ਅਤੇ ਵੀਨਿੰਗ ਅਹਾਰ

94. ਇੱਕ ਸਿਹਤਮੰਦ ਨਵੇਂ ਜਨਮੇ ਬੱਚੇ ਦਾ ਅਪਗਾਰ (APGAR) ਸਕੋਰ ਕਿੰਨਾ ਹੁੰਦਾ ਹੈ?
A. 0 – 2
B. 3 – 6
C. 7 – 10
D. 10 ਤੋਂ ਵੱਧ

95. ਨਵੇਂ ਜਨਮੇ ਬੱਚੇ ਵਿੱਚ ਪੀਲੀਆ ਦੇ ਇਲਾਜ ਲਈ ਹੇਠ ਲਿਖਿਆਂ ਵਿੱਚੋਂ ਕਿਹੜੀ ਥੈਰੇਪੀ ਵਰਤੀ ਜਾਂਦੀ ਹੈ ?
A. ਰੇਡੀਏਸ਼ਨ ਥੈਰੇਪੀ
B. ਕੀਮੋਥੈਰੇਪੀ
C. ਬ੍ਰੇਕੀਥੈਰੇਪੀ
D. ਫੋਟੋਥੈਰੇਪੀ

96. ਰੋਡ ਟੂ ਹੈਲਥ ਚਾਰਟ ਇਹ ਸੰਕੇਤ ਕਰਦਾ ਹੈ ਕਿ ਬੱਚਾ ਹੈ:
A. ਬਿਮਾਰੀ ਤੋਂ ਮੁਕਤ
B. ਠੀਕ ਤੌਰ ਤੇ ਵੱਧ ਰਿਹਾ
C. ਮਾਨਸਿਕ ਤੰਦਰੁਸਤ
D. ਉੱਪਰ ਦਿਤੇ ਸਾਰੇ

97. ਹੇਠ ਲਿਖਿਆਂ ਵਿੱਚੋਂ ਕਵਾਸ਼ੀਓਰਕਰ ਮੁੱਖ ਤੌਰ ਤੇ ਕੀ ਹੈ?
A. ਕਾਰਬੋਹਾਈਡਰੇਟ ਦੀ ਘਾਟ ਦਾ ਵਿਕਾਰ
B. ਪ੍ਰੋਟੀਨ ਦੀ ਘਾਟ ਦਾ ਵਿਕਾਰ
C. ਵਿਟਾਮਿਨ ਏ ਦੀ ਘਾਟ ਦਾ ਵਿਕਾਰ
D. ਵਿਟਾਮਿਨ ਕੇ ਦੀ ਘਾਟ ਦਾ ਵਿਕਾਰ

98. ਬੱਚਿਆਂ ਵਿੱਚ ਚਮੜੀ ਦੀ ਮਾੜੀ ਟਰਗਰ (Poor Skin Turgor) ਦਰਸਾਉਂਦੀ ਹੈ :
A. ਹਾਈਪੋਨਟਰੀਮੀਆ
B. ਹਾਈਪੋਕੈਲਸੀਮੀਆ
C. ਹਾਈਪੋਕੈਲੀਮੀਆ
D. ਜਲ ਸੋਖ (ਡੀਹਾਈਡਰੇਸ਼ਨ)

99. ਪਾਈਕਾ (Pica) ਦਾ ਕੀ ਅਰਥ ਹੈ?
A. ਗੈਰ ਕੁਦਰਤੀ ਪਦਾਰਥ ਖਾਣਾ ਜਿਵੇਂ ਪਲਾਸਟਰ, ਚਾਕ ਆਦਿ
B. ਨੀਂਦ ਦੌਰਾਨ ਬਿਸਤਰ ਵਿੱਚ ਪਿਸ਼ਾਬ ਕਰਨਾ
C. ਬਹੁਤ ਜਿਆਦਾ ਨੀਂਦ ਆਉਣਾ
D. ਸਰੀਰ ਦੀ ਅਣਇੱਛਤ ਅਚਾਨਕ ਤੇਜ਼ ਹਰਕਤ

100. ਮੰਦ ਬੁੱਧੀ ਦੇ ਕੀ ਕਾਰਨ ਹਨ ?
A. ਡਾਊਨ ਸਿੰਡਰਮ
B. ਮਾਈਕ੍ਰੋਸੈਫਲੀ
C. ਜਨਮ ਸਮੇਂ ਸੱਟ
D. ਉੱਪਰ ਦਿੱਤੇ ਸਾਰੇ

101. ਹਿਸਟੀਰੀਆ ਕੀ ਹੈ?
A. ਸਾਈਕੋਟਿਕ ਵਿਕਾਰ
B. ਨਿਊਰੋਟਿਕ ਵਿਕਾਰ
C. ਐਂਡੋਕਰਾਈਨਲ ਵਿਕਾਰ
D. ਕਾਰਡੀਉ ਵੈਸਕੁਲਰ ਵਿਕਾਰ

102. ਜ਼ਿਲੇ ਦੌਰਾਨ ਹੋਣ ਵਾਲੀ ਗਹਿਰੀ ਉਦਾਸੀ (depression) ਦੀ ਬਿਮਾਰੀ ਹੇਠ ਲਿਖਿਆਂ ਵਿੱਚੋਂ ਕਿਸ ਦਾ ਨਤੀਜਾ ਹੋ ਸਕਦੀ ਹੈ?
A. ਪਰਿਵਾਰ ਵਧਣ ਨਾਲ ਆਰਥਿਕ ਬੋਝ
B. ਕੈਰੀਅਰ ਛੱਡਣ ਦਾ ਡਰ
C. ਵਿਆਹੁਤਾ ਤਨਾਅ
D. ਉੱਪਰ ਦਿੱਤੇ ਸਾਰੇ

103. ਹੇਠ ਲਿਖਿਆਂ ਵਿੱਚੋਂ ਦੁੱਧ ਕਿਸ ਦਾ ਚੰਗਾ ਸੋਮਾ ਨਹੀਂ ਹੈ?
A. ਆਇਰਨ
B. ਕੈਲਸ਼ੀਅਮ
C. ਪ੍ਰੋਟੀਨ
D. ਉਪਰੋਕਤ ਵਿੱਚੋਂ ਕੋਈ ਨਹੀਂ

104. ਹੇਠ ਲਿਖਿਆਂ ਵਿੱਚੋਂ ਕਿਸ ਵਿੱਚੋਂ ਫਾਈਬਰ (fibre)ਨਹੀਂ ਮਿਲਦਾ ਹੈ?
A. ਦਾਲਾਂ
B. ਫਲ ਅਤੇ ਸਬਜ਼ੀਆਂ
C. ਸਾਬਤ ਅਨਾਜ
D. ਦੁੱਧ

105. 70 ਗਰਾਮ ਪ੍ਰੋਟੀਨ ਵਿੱਚ ਕਿੰਨੀਆਂ ਕੈਲੋਰੀਜ਼ ਹੁੰਦੀਆਂ ਹਨ ?

A. 280 ਕੈਲੋਰੀਜ਼

B. 300 ਕੈਲੋਰੀਜ਼

C. 350 ਕੈਲੋਰੀਜ਼

D. 450 ਕੈਲੋਰੀਜ਼

106. ਇਹਨਾਂ ਵਿੱਚੋਂ ਕਿਹੜਾ ਵਿਟਾਮਿਨ ਏ ਦਾ ਅਮੀਰ ਸਰੋਤ ਹੈ?

A. ਸੇਬ

B. ਸ਼ਹਿਦ

C. ਗਾਜਰ

D. ਮੰਗਫੂਲੀ

107. ਹੇਠ ਲਿਖਿਆਂ ਵਿੱਚੋਂ ਕਿਹੜਾ ਪੋਸ਼ਣ ਦੇ ਮੁਲਾਂਕਣ (nutritional assessment) ਦਾ ਤਰੀਕਾ ਹੈ ?

A. ਸਰੀਰਕ ਜਾਂਚ

B. ਸਕਿਨ ਫੋਲਡ ਟੈਸਟ

C. ਆਂਥ੍ਰੋਪੋਮੈਟਰੀ(Anthropometry)

D. ਉੱਪਰ ਦਿੱਤੇ ਸਾਰੇ

108. ਗਿੱਲ੍ਹੜ (Goitre)ਕਿਸ ਦੀ ਘਾਟ ਕਾਰਨ ਹੁੰਦਾ ਹੈ?

A. ਕੈਲਸ਼ੀਅਮ

B. ਪੋਟਾਸ਼ੀਅਮ

C. ਸੋਡੀਅਮ

D. ਆਇਓਡੀਨ

109. ਬੱਚਿਆਂ ਵਿੱਚ ਵਿਟਾਮਿਨ ਡੀ ਦੀ ਕਮੀ ਕਾਰਨ ਕਿਹੜਾ ਰੋਗ ਹੁੰਦਾ ਹੈ ?

A. ਰਿਕੇਟਸ (Rickets)

B. ਓਸਟੀਓਮਲੇਸੀਆ (Osteomalacia)

C. ਓਸਟੀਓਪੋਰੋਸਿਸ (Osteoporosis)

D. ਓਸਟੀਓਮਲਾਈਟਿਸ (Osteomyelitis)

110. ਹੇਠ ਲਿਖਿਆਂ ਵਿੱਚੋਂ ਕਿਹੜਾ ਤਰੀਕਾ ਦੁੱਧ ਅਤੇ ਹੋਰ ਪੇਅ ਪਦਾਰਥਾਂ ਵਿੱਚੋਂ ਰੋਗ ਪੈਦਾ ਕਰਨ ਵਾਲੇ ਸੂਖਮ ਜੀਵਾਂ ਨੂੰ ਖਤਮ ਕਰਨ ਲਈ ਵਰਤਿਆ ਜਾਂਦਾ ਹੈ?

A. ਕੈਵੀਟੇਸ਼ਨ (Cavitation)

B. ਆਟੋਕਲੇਵਿੰਗ (Autoclaving)

C. ਪਸਚਿਊਰਾਈਜ਼ੇਸ਼ਨ (Pasteurization)

D. ਅਲਟਰਾਸਾਨਿਕ ਕਿਰਣਾਂ (ultrasonic radiation)

111. ਹੇਠਲੇ ਵਿੱਚੋਂ ਕਿਹੜੇ ਢੰਗ ਨੂੰ ਪਾਣੀ ਦੀ ਛੋਟੇ ਪੱਧਰ ਤੇ ਸ਼ੁੱਧਤਾ ਕਰਨ ਲਈ ਵਰਤਿਆ ਜਾਂਦਾ ਹੈ ?

A. ਹੋਲੀ ਰੇਤ ਫਿਲਟਰੇਸ਼ਨ

B. ਤੇਜ਼ ਰੇਤ ਫਿਲਟਰੇਸ਼ਨ

C. ਉਬਾਲਣਾ

D. ਉਪਰੋਕਤ ਵਿਚੋਂ ਕੋਈ ਵੀ ਨਹੀਂ

112. ਗੰਦੇ ਪਾਣੀ ਦੀ ਸਫਾਈ ਦੌਰਾਨ ਕਿਹੜੀ ਪ੍ਰਕਿਰਿਆ ਕੀਟਾਣੂਆਂ ਨੂੰ ਮਾਰਨ ਵਿੱਚ ਮਦਦ ਕਰਦੀ ਹੈ ?

A. ਏਰੀਏਸ਼ਨ

B. ਸੈਡੀਮੈਨਟੇਸ਼ਨ

C. ਫਲੋਕੁਲੇਸ਼ਨ

D. ਕਲੋਰੀਨੇਸ਼ਨ

113. ਹੇਠ ਲਿਖਿਆਂ ਵਿੱਚੋਂ ਕਿਹੜਾ ਲਾਗ (infection) ਕਰਨ ਵਾਲੇ ਰੋਗਾਣੂ (pathogen) ਨੂੰ ਦਰਸਾਉਂਦਾ ਹੈ?

A. ਏਜੰਟ

B. ਹੋਸਟ

C. ਚੇਨ

D. ਰੇਜ਼ਰਵਾਇਰ

114. ਹੇਠ ਲਿਖਿਆਂ ਵਿੱਚੋ ਕਿਹੜੀ ਵੀਸ਼ਾਣੂ (viral) ਨਾਲ ਹੋਣ ਵਾਲੀ ਬਿਮਾਰੀ ਹੈ ?

A. ਗਲ ਘੋਟੂ

B. ਛੋਟੀ ਮਾਤਾ

C. ਹੈਜਾ

D. ਟਾਈਫਾਈਡ

115. ਵਰਟੀਕਲ ਸੰਚਾਰ (Vertical Transmission) ਕਿਸ ਤਰਾਂ ਨਾਲ ਬਿਮਾਰੀ ਦਾ ਸੰਚਾਰ ਹੈ?

A. ਫੀਕਲ-ਓਰਲ ਰਸਤੇ (fecal-oral route) ਰਾਹੀਂ

B. ਮਾਂ ਤੋਂ ਬੱਚੇ ਨੂੰ

C. ਵੈਕਟਰ ਦੁਆਰਾ

D. ਸਿਧੇ ਸੰਪਰਕ ਰਾਹੀਂ

116. ਹੇਠ ਲਿਖਿਆਂ ਵਿੱਚੋਂ ਕਿਹੜਾ ਗੈਰ-ਸੰਚਾਰੀ (non communicable) ਰੋਗ ਨਹੀਂ ਹੈ ?

A. ਕੈਂਸਰ

B. ਸ਼ੂਗਰ

C. ਕਾਰਡੀਓਵੈਸਕੁਲਰ ਰੋਗ

D. ਇਨਫਲੂਐਂਜ਼ਾ

117. ਇਨਕੂਬੇਸ਼ਨ ਪੀਰੀਅਡ (Incubation period) ਉਹ ਸਮਾਂ ਹੈ :
A. ਜਿਸ ਦੌਰਾਨ ਸੂਖਮ ਕੀਟਾਣੂ ਸਰੀਰ ਵਿੱਚ ਦਾਖਲ ਹੁੰਦੇ ਹਨ
B. ਲਾਗ ਦੇ ਅਤੇ ਬਿਮਾਰੀ ਦੇ ਲੱਛਣ ਵਿਖਾਈ ਦੇਣ ਦੇ ਵਿਚਕਾਰ ਦਾ ਸਮਾਂ
C. ਬਿਮਾਰੀ ਦੇ ਦੁਬਾਰਾ ਹੋਣ ਦਾ ਸਮਾਂ
D. ਬਿਮਾਰੀ ਦੇ ਲੱਛਣ ਵਿਖਾਈ ਦੇਣ ਅਤੇ ਰਿਕਵਰੀ ਦੇ ਵਿਚਕਾਰ ਦਾ ਸਮਾਂ

118. ਮਹਾਂਮਾਰੀ ਵਿੱਚ ਬਿਮਾਰੀ ਦੇ ਪਹਿਲਾ ਪਤਾ ਲੱਗਣ ਵਾਲੇ ਕੇਸ ਨੂੰ ਕੀ ਕਿਹਾ ਜਾਂਦਾ ਹੈ:
A. ਵਾਹਕ (ਕੈਰੀਅਰ)
B. ਪ੍ਰਾਇਮਰੀ ਕੇਸ
C. ਸੈਕੰਡਰੀ ਕੇਸ
D. ਇੰਡੈਕਸ ਕੇਸ

119. ਵਿਡਾਲ (Widal) ਟੈਸਟ ਕਿਸ ਰੋਗ ਨੂੰ ਪਹਿਚਾਣਨ ਲਈ ਕੀਤਾ ਜਾਂਦਾ ਹੈ?
A. ਏਡਜ ਰੋਗ
B. ਟੀ.ਬੀ. ਰੋਗ
C. ਮਿਆਦੀ ਬੁਖਾਰ
D. ਕੋਹੜ ਰੋਗ

120. ਹੇਠ ਲਿਖੇ ਵਿੱਚੋਂ ਕਿਸ ਬਿਮਾਰੀ ਨੂੰ ਹੱਡੀ ਤੋੜ ਬੁਖਾਰ ਵੀ ਕਿਹਾ ਜਾਂਦਾ ਹੈ?
A. ਮਿਆਦੀ ਬੁਖਾਰ
B. ਡੇਂਗੂ
C. ਹੈਪੇਟਾਈਟਸ ਬੀ
D. ਗਲ ਘੋਟੂ

121. ਹੇਠ ਲਿਖਿਆਂ ਵਿੱਚੋਂ ਕਿਹੜੀ ਬਿਮਾਰੀ ਪਾਣੀ ਨਾਲ ਫੈਲਦੀ ਹੈ?
A. ਹੈਜਾ
B. ਤਪਦਿਕ
C. ਮਲੇਰੀਆ
D. ਛੋਟੀ ਮਾਤਾ

122. ਕੋਪਲਿਕ ਦੇ ਚਟਾਕ(Koplik's Spots)ਕਿਸ ਬਿਮਾਰੀ ਵਿੱਚ ਹੁੰਦੇ ਹਨ ?
A. ਚੇਚਕ
B. ਖਸਰਾ
C. ਛੋਟੀ ਮਾਤਾ
D. ਕੰਨ ਪੇੜੇ

123. ਕਾਲੀ ਖੰਘ (Whooping cough) ਦਾ ਦੂਸਰਾ ਨਾਮ ਕੀ ਹੈ?
A. ਰੁਬੈਲਾ (Rubella)
B. ਜਰਮਨ ਮੀਜ਼ਲ (German measles)
C. ਪਰਟੂਸਿਸ (Pertussis)
D. ਨਿਮੋਨੀਆ (Pneumonia)

124. ਇਹਨਾਂ ਵਿੱਚੋਂ ਕਿਹੜਾ ਬਵਾਸੀਰ(piles)ਦਾ ਕਾਰਨ ਹੋ ਸਕਦਾ ਹੈ?
A. ਬਹੁਤ ਜਿਆਦਾ ਤਰਲ ਪਦਾਰਥ ਲੈਣਾ
B. ਕਬਜ਼
C. ਫਾਈਬਰ ਵਾਲੀ ਖੁਰਾਕ ਲੈਣਾ
D. ਕਸਰਤ

125. ਅਨਲਜੈਸਿਕ ਦਵਾਈਆਂ (Analgesic)ਦਾ ਕੀ ਕੰਮ ਹੈ?
A. ਉਲਟੀਆਂ ਦਾ ਇਲਾਜ ਕਰਨਾ
B. ਅਰਾਮ ਦੇਣਾ
C. ਲਾਗ ਦਾ ਇਲਾਜ ਕਰਨਾ
D. ਦਰਦ ਤੋਂ ਰਾਹਤ ਦਿਲਾਉਣਾ

126. ਹੇਠ ਲਿਖਿਆਂ ਵਿੱਚੋਂ ਨਕਸੀਰ ਕੀ ਹੈ?
A. ਗੁਦਾ (Rectum)ਤੋਂ ਖੂਨ ਨਿਕਲਣਾ
B. ਭਗ(Anus)ਤੋਂ ਖੂਨ ਨਿਕਲਣਾ
C. ਨੱਕ ਤੋਂ ਖੂਨ ਨਿਕਲਣਾ
D. ਮੂੰਹ ਤੋਂ ਖੂਨ ਨਿਕਲਣਾ

127. ਹੇਠ ਲਿਖਿਆਂ ਵਿੱਚੋਂ ਕਿਹੜੀ ਦਵਾਈ ਤਪਦਿਕ ਰੋਗ (ਟੀ.ਬੀ.) ਲਈ ਨਹੀਂ ਹੈ?
A. ਐਥਮਾਬੁਟੋਲ (Ethmabutol)
B. ਐਟੇਨੋਲੋਲ (Atenolol)
C. ਰਿਫਾਮਿਪਸਿਨ (Rifamipicin)
D. ਆਈਸੋਨਿਆਜ਼ਿਡ (Isoniazid)

128. ਚਮੜੀ ਦੇ ਨੀਲੇ ਹੋਣ ਨੂੰ ਕੀ ਕਹਿੰਦੇ ਹਨ?
A. ਅਨੀਮੀਆ (Anaemia)
B. ਅਨੋਕਸੀਆ(Anoxia)
C. ਡਿਸਨੀਆ(Dyspnea)
D. ਸਾਈਨੋਸਿਸ(Cyanosis)

129. ਹੇਠ ਲਿਖਿਆਂ ਵਿੱਚੋਂ ਲੂ ਲੱਗਣ (Heat Stroke) ਦੇ ਕਿਹੜੇ ਲੱਛਣ ਹਨ ?
A. ਤੇਜ਼ ਨਬਜ਼
B. ਸਿਰ ਦਰਦ
C. ਸਰੀਰ ਦਾ ਉੱਚ ਤਾਪਮਾਨ
D. ਉੱਪਰ ਦਿੱਤੇ ਸਾਰੇ

130. ਦੌਰੇ ਦੇ ਦੌਰਾਨ ਮਰੀਜ ਦੀ ਦੇਖਭਾਲ ਕਰਨ ਵੇਲੇ ਇਹਨਾ ਵਿੱਚੋਂ ਕਿਹੜਾ ਨਹੀਂ ਕੀਤਾ ਜਾਣਾ ਚਾਹੀਦਾ ਹੈ?

A. ਮਰੀਜ ਨੂੰ ਸਾਈਡ ਤੇ ਲਿਟਾਓ ਜਾਂ ਫੇਰ ਸਿਰ ਇਕ ਸਾਈਡ ਨੂੰ ਮੋੜੋ
B. ਮਰੀਜ਼ ਨੂੰ ਕਾਬੂ ਕਰੋ
C. ਮਰੀਜ ਨੂੰ ਕਿਸੇ ਵੀ ਨੁਕਸਾਨ ਤੋਂ ਬਚਾਓ
D. ਮਰੀਜ ਦੇ ਕੱਪੜੇ ਢਿੱਲੇ ਕਰ ਦਿਓ

131. ਹੇਠ ਲਿਖਿਆਂ ਵਿੱਚੋਂ ਕਿਹੜਾ ਪਹਿਲੀ ਡਿਗਰੀ ਸੜਨ ਦੇ ਇਲਾਜ ਲਈ ਕੀਤਾ ਜਾਣਾ ਚਾਹੀਦਾ ਹੈ ?

A. ਬਰਨ ਕਰੀਮ ਜਾਂ ਮਲ੍ਹਮ ਲਗਾਉ
B. ਜਲੇ ਹੋਏ ਹਿੱਸੇ ਨੂੰ ਵਹਾਉ ਵਾਲੇ ਠੰਡੇ ਪਾਣੀ ਹੇਠਾਂ ਰੱਖੋ ਜਦੋਂ ਤੱਕ ਦਰਦ ਖਤਮ ਹੋ ਜਾਵੇ ਜਾਂ ਬਹੁਤ ਘੱਟ ਜਾਵੇ
C. ਗਰਮ ਸਾਬਣ ਵਾਲੇ ਪਾਣੀ ਨਾਲ ਉਸ ਥਾਂ ਨੂੰ ਚੰਗੀ ਤਰਾਂ ਸਾਫ ਕਰੋ
D. ਉੱਪਰ ਵਾਲਿਆਂ ਵਿੱਚੋਂ ਕੋਈ ਵੀ ਨਹੀਂ

132. ਹੱਡੀ ਟੁੱਟਣ ਦੇ ਮਾਮਲੇ ਵਿਚ ਮੁੱਢਲੀ ਸਹਾਇਤਾ ਪ੍ਰਦਾਨ ਕਰਦੇ ਸਮੇਂ ਕਿਹੜੀ ਕਾਰਵਾਈ ਤੁਰੰਤ ਕੀਤੀ ਜਾਣੀ ਚਾਹੀਦੀ ਹੈ ?

A. ਟੁੱਟੀ ਹੱਡੀ ਨੂੰ ਸਿੱਧਾ(realign)ਕਰੋ
B. ਪ੍ਰਭਾਵਿਤ ਹਿੱਸੇ ਤੇ ਗਰਮ ਪੈਕ ਲਗਾਉ
C. ਪ੍ਰਭਾਵਿਤ ਹਿੱਸੇ ਨੂੰ ਸਥਿਰ(immobilize)ਕਰੋ
D. ਮਰੀਜ਼ ਨੂੰ ਪ੍ਰਭਾਵਿਤ ਹਿੱਸੇ ਨੂੰ ਹਿਲਾਉਣ ਲਈ ਕਹੋ

133. ਹੇਠ ਲਿਖਿਆਂ ਵਿੱਚੋਂ ਮੁਢਲੀ ਸਹਾਇਤਾ ਦਾ ਕੀ ਉਦੇਸ਼ ਹੈ ?

A. ਪੀੜਤ ਨੂੰ ਜ਼ਿੰਦਾ ਰੱਖਣਾ
B. ਉਸਨੂੰ ਸੁਖਾਵੀਂ ਹਾਲਤ ਵਿੱਚ ਰੱਖਣਾ
C. ਉਸਦੀ ਹਾਲਤ ਨੂੰ ਹੋਰ ਖਰਾਬ ਹੋਣ ਤੋਂ ਬਚਾਉਣਾ
D. ਉੱਪਰ ਦਿੱਤੇ ਸਾਰੇ

134. ਕਿਸੇ ਹਸਪਤਾਲ ਵਿਚਲੇ ਕੂੜੇ ਨੂੰ ਕੀ ਕਿਹਾ ਜਾਂਦਾ ਹੈ?

A. ਸੰਕਰਮਿਤ ਕੂੜਾ
B. ਨੋਜ਼ੋਕੋਮੀਅਲ ਕੂੜਾ
C. ਬਾਇਓਮੈਡੀਕਲ ਕੂੜਾ
D. ਡਿਸਪੋਜ਼ੇਬਲ ਕੂੜਾ

135. ਅੱਖਾਂ ਦੀ ਦੇਖਭਾਲ ਕਰਦੇ ਸਮੇਂ ਅੱਖਾਂ ਨੂੰ ਇਸ ਤਰ੍ਹਾਂ ਸਾਫ ਕਰਨਾ ਚਾਹੀਦਾ ਹੈ:

A. ਅੰਦਰੂਨੀ ਕੋਨੇ ਤੇ ਬਾਹਰੀ ਕੋਨੇ (outer canthus) ਵੱਲ
B. ਬਾਹਰੀ ਕੋਨੇ ਤੋਂ ਅੰਦਰੂਨੀ ਕੋਨੇ (inner canthus) ਵੱਲ
C. ਅੱਖ ਦੇ ਹੇਠਾਂ ਤੋਂ ਉੱਪਰ ਵੱਲ
D. ਅੱਖ ਦੇ ਉੱਪਰ ਤੋਂ ਹੇਠਾਂ ਵੱਲ

136. ਲੰਬੇ ਸਮੇਂ ਤੋਂ ਬੈਡ ਤੇ ਪਏ ਮਰੀਜ ਨੂੰ ਕਿਸ ਦਾ ਖਤਰਾ ਹੁੰਦਾ ਹੈ?

A. ਚੰਬਲ (Eczema) ਦਾ
B. ਡੇਕੂਬਿਟਸ ਅਲਸਰ (Decubitus Ulcer) ਦਾ
C. ਸੈਲੂਲਾਈਟਿਸ (Cellulitis) ਦਾ
D. ਸੈਪਟੀਸੀਮੀਆ (Septicemia) ਦਾ

137. ਹੇਠ ਲਿਖਿਆਂ ਵਿੱਚੋਂ ਕਿਹੜੀ ਪੇਟ ਦੇ ਭਾਰ ਲੇਟਣ ਦੀ ਸਥਿਤੀ (position) ਹੈ?

A. ਪਰੋਨ (prone) ਸਥਿਤੀ
B. ਸਪਾਈਨ (supine) ਸਥਿਤੀ
C. ਸਿਮਸ (sim's) ਸਥਿਤੀ
D. ਲਿਥੋਟਮੀ (lithotomy) ਸਥਿਤੀ

138. ਮਾਸਕ ਕਿਸ ਤਰ੍ਹਾਂ ਦੇ ਇਨਫੈਕਸ਼ਨ ਨੂੰ ਫੈਲਣ ਤੋਂ ਰੋਕਦਾ ਹੈ ?

A. ਚਮੜੀ ਦੇ
B. ਅਹਾਰ ਨਾਲੀ ਦੇ
C. ਸਾਹ ਨਾਲੀ ਦੇ
D. ਉੱਪਰ ਲਿੱਖੇ ਸਾਰੇ

139. ਹੇਠ ਲਿਖਿਆਂ ਵਿੱਚੋਂ ਕਿਹੜਾ ਜੀਵਾਣੂ ਰਹਿਤਤਾ (sterilization) ਦਾ ਭੌਤਿਕ ਢੰਗ ਨਹੀਂ ਹੈ?

A. ਸੂਰਜ ਦੀ ਰੌਸ਼ਨੀ
B. ਤਾਪ
C. ਅਲਟਰਾਸੋਨਿਕ
D. ਹੈਲੋਜਨ

140. ਬਿਮਾਰੀ ਦੇ ਸੰਚਾਰ ਨੂੰ ਰੋਕਣ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਕੀ ਹੈ ?

A. ਰੋਗਾਣੂਨਾਸ਼ਕ ਦਵਾਈਆਂ
B. ਐਂਟੀਸੈਪਟਿਕਸ
C. ਹੱਥ ਧੋਣਾ
D. ਜੀਵਾਣੂ ਰਹਿਤਤਾ

******************************

## ANSWER KEY

**Recruitment test conducted on 30/11/2025 for post of Multipurpose Health Worker (Male) under Department of Health and Family Welfare, Govt. of Punjab vide Advt. no. BFU-25/19**

| Part A | | | | Part B | | | | | | | |
|---|---|---|---|---|---|---|---|---|---|---|---|
| **1** | B | **26** | D | **51** | A | **76** | D | **101** | B | **126** | C |
| **2** | C | **27** | A | **52** | D | **77** | B | **102** | D | **127** | B |
| **3** | A | **28** | B | **53** | B | **78** | C | **103** | A | **128** | D |
| **4** | D | **29** | C | **54** | C | **79** | A | **104** | D | **129** | D |
| **5** | A | **30** | A | **55** | D | **80** | D | **105** | A | **130** | B |
| **6** | C | **31** | D | **56** | B | **81** | C | **106** | C | **131** | B |
| **7** | B | **32** | C | **57** | A | **82** | C | **107** | D | **132** | C |
| **8** | A | **33** | D | **58** | C | **83** | B | **108** | D | **133** | D |
| **9** | C | **34** | D | **59** | C | **84** | D | **109** | A | **134** | C |
| **10** | C | **35** | B | **60** | A | **85** | B | **110** | C | **135** | A |
| **11** | B | **36** | B | **61** | B | **86** | C | **111** | C | **136** | B |
| **12** | C | **37** | C | **62** | C | **87** | C | **112** | D | **137** | A |
| **13** | B | **38** | C | **63** | C | **88** | B | **113** | A | **138** | C |
| **14** | A | **39** | D | **64** | A | **89** | C | **114** | B | **139** | D |
| **15** | C | **40** | B | **65** | C | **90** | D | **115** | B | **140** | C |
| **16** | C | **41** | A | **66** | B | **91** | B | **116** | D | | |
| **17** | B | **42** | A | **67** | A | **92** | B | **117** | B | | |
| **18** | C | **43** | B | **68** | B | **93** | A | **118** | D | | |
| **19** | C | **44** | D | **69** | A | **94** | C | **119** | C | | |
| **20** | A | **45** | C | **70** | C | **95** | D | **120** | B | | |
| **21** | C | **46** | D | **71** | A | **96** | B | **121** | A | | |
| **22** | A | **47** | C | **72** | D | **97** | B | **122** | B | | |
| **23** | B | **48** | B | **73** | B | **98** | D | **123** | C | | |
| **24** | C | **49** | B | **74** | A | **99** | A | **124** | B | | |
| **25** | A | **50** | C | **75** | B | **100** | D | **125** | D | | |